


**Dr. Randhawa Dentistry**

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd / Mcvean Dr / Gore Rd / Squire Ellis Dr / DENTISTRY / Countryside Dr

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044



Price $729,999

**JUST LISTED!** 200 Malta Ave, Unit # 70, Brampton

*Brand new condo townhouse with 3 bedroom and an extra room on the floor*

ਪਰਾਈਵੇਟ ਰੂਫਟੋਪ ਟੈਰੇਸ, 2.5 ਵਾਸ਼ਰੂਮ 1700 ਸੁਕੇਅਰ ਫੁੱਟ ਦਾ ਘਰ, ਪਹਿਲੇ ਅਤੇ ਦੂਜੇ ਫਲੋਰ ਤੇ 9 ਫੁੱਟ ਸਿਲਿੰਗ, ਘਰ ਸਿੱਧੇ ਜਾਣ ਲਈ ਅੰਡਰਗਰਾਊਂਡ ਪਾਰਕਿੰਗ, ਮੇਨ ਬੱਸ ਟਰਾਂਜ਼ਟ, ਸ਼ੈਰੀਡਨ ਕਾਲਜ,ਸ਼ਾਪਰ ਡਰੱਗ ਮਾਰਟ ਅਤੇ ਕਈ ਸਕੂਲਾਂ ਨੂੰ ਪੈਦਲ ਜਾ ਸਕਦੇ ਹੋ। ਹਾਈਵੇ 407,410,ਸਟੀਲ ਐਵੀਨੀਊ ਅਤੇ ਹਰੰਟਾਰੀਓ ਤੋਂ 401, ਦੇ ਬਿਲਕੁਲ ਨੇੜੇ। ਕਿਚਨ ਅਤੇ ਵਾਸ਼ਰੂਮ ਅਪਗ੍ਰੇਡ ਕੀਤੇ ਹਨ।



**KAMAL RANDHAWA**
Sales Representative
Dir: 647 855 0671
Email: kamaldeepr07@gmail.com
Office: 905.793.1111
Not intended to Solicit Buyers or Sellers Currently under Contract

**NEED A LAWYER ??**

Red Seal NOTARY

**KAUR LAW OFFICE**



**MANJEET KAUR**
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NU WAY TOUR & TRAVELS INC.

**ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ**

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca, WESTJET vacations, transat, sunwing, AIR CANADA VACATIONS, tico.ca, IATA

Call Us For Guaranteed Lowest Airfare — ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਉਮਰ ਅਬਦੁੱਲਾ ਸਰਕਾਰ ਨੇ ਛੱਡ ਦਿੱਤਾ,
ਹੋਇਆ ਕਹਿੰਦੇ ਨੇ ਕੇਂਦਰ ਦਿਆਲ ਬੇਲੀ।
ਪਹਿਲਾਂ ਗਿਆ ਸੀ ਛੱਡਿਆ ਬਾਪ ਉਹਦਾ,
ਚੱਲਦੀ ਗੱਲ ਕਹਿੰਦੇ ਉਸ ਦੇ ਨਾਲ ਬੇਲੀ।
ਸਚਿਨ ਪਾਇਲਟ ਜਵਾਈ ਦੇ ਹੋਣ ਚਰਚੇ,
ਚੱਲੀ ਉਹਨੇ ਕੁਝ ਅੰਦਰ ਦੀ ਚਾਲ ਬੇਲੀ।
ਭਾਜਪਾ ਨਾਲ ਕੁਝ ਚੱਲਦਾ ਪਿਆ ਚੱਕਰ,
ਸਕਦੀ ਕਾਂਗਰਸ ਜੇ ਨਹੀਂ ਸੰਭਾਲ ਬੇਲੀ।
ਸਿੰਧੀਆ ਗਿਆ ਸੀ ਪਾਰਟੀ ਛੱਡ ਜਿੰਦਾਂ,
ਸੁਣਿਆ ਛੱਡਣ ਨੂੰ ਕਈ ਤਿਆਰ ਬੇਲੀ।
ਏਸੇ ਛੱਡਣ-ਛੁਡਾਉਣ ਦੇ ਚਰਚਿਆਂ ਨੇ,
ਕਰ'ਤੀ ਬੇੜੀ ਅਬਦੁੱਲੇ ਦੀ ਪਾਰ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਵਿੱਚ ਕੋਰੋਨਾ ਦਾ ਘੇਰਾ ਵਧਿਆ, 6 ਨਵੇਂ ਕੇਸ ਪਤਾ ਲੱਗੇ

*** ਕਰਫਿਊ ਦੌਰਾਨ 111 ਲੋਕ ਗ੍ਰਿਫਤਾਰ, ਕੁੱਲ 232 ਕੇਸ ਦਰਜ**

ਚੰਡੀਗੜ੍ਹ, 24 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਵਾਇਰਸ ਦਾ ਕਹਿਰ ਦਿਨੋ-ਦਿਨ ਵਧੀ ਜਾਂਦਾ ਹੈ। ਅੱਜ ਮੰਗਲਵਾਰ ਸ਼ਾਮ ਤੱਕ ਦੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਕੋਰੋਨਾ ਪੀੜਤਾਂ ਦੇ 6 ਨਵੇਂ ਕੇਸ ਪਤਾ ਲੱਗੇ ਹਨ। ਰਾਜ ਸਰਕਾਰ ਦੇ ਸਿਹਤ ਵਿਭਾਗ ਦੇ ਪ੍ਰੈੱਸ ਨੋਟ ਅਨੁਸਾਰ ਇਹ 6 ਕੇਸ ਨਵਾਂ ਸ਼ਹਿਰ ਅਤੇ ਜਲੰਧਰ ਜ਼ਿਲਾ ਨਾਲ ਸਬੰਧਤ ਦੱਸੇ ਗਏ ਹਨ। ਦੋਵੇਂ ਥਾਈਂ 3-3 ਕੇਸ ਸਾਹਮਣੇ ਆਏ ਹਨ ਤੇ ਇਹ ਕੇਸ ਪਹਿਲਾਂ ਤੋਂ ਕੋਰੋਨਾ ਵਾਇਰਸ ਲਈ ਪਾਜ਼ਿਟਿਵ ਐਲਾਨੇ ਜਾ ਚੁੱਕੇ ਮਰੀਜ਼ਾਂ ਨਾਲ ਸੰਪਰਕ ਕਾਰਨ ਹੋਏ ਹਨ। ਇਸ ਤਰ੍ਹਾਂ ਪੰਜਾਬ ਵਿੱਚ ਸਰਕਾਰੀ ਅੰਕੜਿਆਂ ਮੁਤਾਬਕ ਇਸ ਰੋਗ ਦੇ ਪੀੜਤ ਮਰੀਜ਼ਾਂ ਦੀ ਗਿਣਤੀ 23 ਤੋਂ ਵਧ ਕੇ 29 ਹੋ ਗਈ ਹੈ।

ਜਾਣਕਾਰ ਸੂਤਰਾਂ ਅਨੁਸਾਰ ਪੰਜਾਬ ਵਿੱਚ ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਸਰਕਾਰ ਵਲੋਂ ਸਾਰੇ ਪ੍ਰਭਾਵੀ ਕਦਮ ਚੁੱਕੇ ਜਾ ਰਹੇ ਹਨ। ਰਾਜ ਵਿੱਚ ਅਜੇ ਤੱਕ ਜਿਨ੍ਹਾਂ ਕੁਲ 29 ਕੇਸਾਂ ਵਿੱਚ ਕੋਰੋਨਾ ਵਾਇਰਸ ਦੇ ਪਾਜ਼ੀਟਿਵ ਹੋਣ ਦੀ ਸੂਚਨਾ ਮਿਲੀ ਹੈ, ਉਨ੍ਹਾਂ ਵਿੱਚ ਸਭ ਤੋਂ ਵੱਧ 18 ਕੇਸ ਨਵਾਂ ਸ਼ਹਿਰ ਜ਼ਿਲੇ ਵਿੱਚੋਂ ਹਨ। ਇਨ੍ਹਾਂ ਵਿੱਚੋਂ ਇਕ ਜਣੇ ਦੀ ਮੌਤ ਹੋ ਚੁੱਕੀ ਹੈ। ਮੋਹਾਲੀ ਜ਼ਿਲੇ ਨਾਲ ਸਬੰਧਤ 5 ਕੇਸ, ਜਲੰਧਰ ਦੇ 3, ਅੰਮ੍ਰਿਤਸਰ ਦੇ 2 ਤੇ ਹੁਸ਼ਿਆਰਪੁਰ ਜ਼ਿਲੇ ਵਿੱਚੋਂ 1 ਕੇਸ ਪਤਾ ਲੱਗਾ ਹੈ। ਸਰਕਾਰ ਦੇ ਬੁਲਾਰੇ ਅਨੁਸਾਰ ਅਜੇ ਤੱਕ 282 ਸ਼ੱਕੀ ਮਰੀਜ਼ਾਂ ਦੇ ਸੈਂਪਲ ਲਏ ਗਏ ਹਨ ਤੇ ਇਨ੍ਹਾਂ ਵਿੱਚੋਂ 29 ਦੇ ਨਤੀਜੇ ਪਾਜ਼ੀਟਿਵ ਅਤੇ 220 ਦੇ ਨੈਗੇਟਿਵ ਆਏ ਹਨ, 33 ਹੋਰ ਕੇਸਾਂ ਦੇ ਨਤੀਜੇ ਅਜੇ ਆਉਣੇ ਬਾਕੀ ਹਨ। ਸਰਕਾਰ ਦੇ ਬੁਲਾਰੇ ਅਨੁਸਾਰ ਫ਼ਤਹਿਗੜ੍ਹ ਸਾਹਿਬ ਤੋਂ ਕੋਰੋਨਾ ਵਾਇਰਸ ਦੇ ਇਕ ਸ਼ੱਕੀ ਨੂੰ ਪੀ ਜੀ ਆਈ ਚੰਡੀਗੜ੍ਹ ਭੇਜ ਦਿੱਤਾ ਗਿਆ ਸੀ, ਪਰ ਉਸ ਦੀ ਮੌਤ ਹੋ ਗਈ। ਫਿਰ ਵੀ ਡਾਕਟਰੀ ਰਿਪੋਰਟ ਅਨੁਸਾਰ ਉਸ ਦੀ ਮੌਤ ਦਾ ਕਾਰਨ ਇਹ ਰੋਗ ਨਹੀਂ ਸੀ।



ਇਸ ਦੌਰਾਨ ਸਰਕਾਰੀ ਹੁਕਮਾਂ ਦੀ ਪ੍ਰਵਾਹ ਨਾ ਕਰਨ ਵਾਲੇ ਵਿਦੇਸ਼ਾਂ ਤੋਂ ਆਏ ਹੋਏ ਕੋਰੋਨਾ ਦੇ 2 ਸ਼ੱਕੀ ਮਰੀਜ਼ਾਂ ਦੇ ਵਿਰੁੱਧ ਚਮਕੌਰ ਸਾਹਿਬ ਵਿਖੇ ਕੇਸ ਦਰਜ ਕੀਤਾ ਗਿਆ ਹੈ। ਥਾਣਾ ਮੁਖੀ ਗੁਰਸੇਵਕ ਸਿੰਘ ਬਰਾੜ ਨੇ ਦੱਸਿਆ ਕਿ ਨੇੜਲੇ ਪਿੰਡ ਹਾਫਿਜ਼ਾਬਾਦ ਦਾ ਅਮ੍ਰਿਤਪਾਲ ਸਿੰਘ ਨਿਊਜ਼ੀਲੈਂਡ ਤੋਂ ਆਇਆ ਤਾਂ ਸਿਹਤ ਵਿਭਾਗ ਨੇ ਉਸ ਨੂੰ 14 ਦਿਨਾਂ ਤਕ ਘਰ ਵਿੱਚ ਰਹਿਣ ਲਈ ਕਿਹਾ ਸੀ, ਪਰ ਉਹ ਨੇੜਲੇ ਪਿੰਡ ਅਮਰਾਲੀ ਵਿਚ ਵਿਆਹ ਕਰਾਉਣ ਚਲਾ ਗਿਆ, ਜਿਸ ਕਾਰਨ ਉਸ ਉੱਤੇ ਕੇਸ ਦਰਜ ਕੀਤਾ ਹੈ। ਇਸੇ ਤਰ੍ਹਾਂ ਪਿੰਡ ਬਜੀਦਪੁਰ ਦਾ ਜਸਪਾਲ ਸਿੰਘ ਦੁਬਈ ਤੋਂ ਆਇਆ ਤਾਂ ਇਸ ਨੂੰ ਨਿਯਮਾਂ ਮੁਤਾਬਕ 14 ਦਿਨ ਘਰ ਰਹਿਣ ਅਤੇ ਕਿਸੇ ਨੂੰ ਨਾ ਮਿਲਣ ਦੇ ਹੁਕਮ ਹੋਏ ਸਨ, ਪਰ ਉਹ ਵੀ ਜ਼ਿਲਾ ਲੁਧਿਆਣਾ ਦੇ ਪਿੰਡ ਹਸਨਪੁਰ ਵਿਚ ਆਪਣੇ ਨਾਨਕੇ ਵਿਆਹ ਵੇਖਣ ਚਲਾ ਗਿਆ, ਇਸ ਲਈ ਉਸ ਦੇ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਅੱਜ ਪੰਜਾਬ ਵਿੱਚ ਕਰਫਿਊ ਦੀ ਉਲੰਘਣਾ ਦੇ ਦੋਸ਼ ਵਿੱਚ ਪੁਲਸ ਨੇ 232 ਕੇਸ ਦਰਜ ਕਰਨ ਅਤੇ 111 ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਕੀਤੀ ਹੈ। ਕਰਫਿਊ ਦੀ ਉਲੰਘਣਾ ਦੇ ਸਭ ਤੋਂ ਵੱਧ ਕੇਸ ਮੋਹਾਲੀ ਵਿੱਚ 38, ਅੰਮ੍ਰਿਤਸਰ ਦਿਹਾਤੀ ਜ਼ਿਲੇ ਵਿੱਚ 34, ਤਰਨ ਤਾਰਨ ਅਤੇ ਸੰਗਰੂਰ ਵਿੱਚ 30-30 ਦਰਜ ਹੋਏ ਹਨ। ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਦੇ ਦੱਸਣ ਅਨੁਸਾਰ ਤਰਨ ਤਾਰਨ ਜ਼ਿਲੇ ਵਿਚ ਸਭ ਤੋਂ ਵੱਧ 43 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕਪੂਰਥਲਾ ਵਿਚ 23, ਹੁਸ਼ਿਆਰਪੁਰ 15, ਬਠਿੰਡਾ 13, ਫਿਰੋਜ਼ਪੁਰ 5, ਗੁਰਦਾਸਪੁਰ 4 ਅਤੇ ਲੁਧਿਆਣਾ ਦਿਹਾਤੀ ਜ਼ਿਲੇ ਵਿਚ 2 ਲੋਕਾਂ ਦੀ ਗ੍ਰਿਫਤਾਰੀ ਹੋਈ ਹੈ। ਇਸ ਤੋਂ ਬਿਨਾ ਕਰਫਿਊ ਦੀ ਉਲੰਘਣਾ ਕਰਨ ਦੇ ਲਈ ਅੰਮ੍ਰਿਤਸਰ ਪੁਲਸ ਕਮਿਸ਼ਨਰੇਟ ਨੇ 14, ਪੁਲਸ ਕਮਿਸ਼ਨਰੇਟ ਜਲੰਧਰ ਨੇ 10, ਬਟਾਲਾ ਨੇ 6, ਗੁਰਦਾਸਪੁਰ ਨੇ 4, ਪਟਿਆਲਾ ਨੇ 7, ਰੋਪੜ ਨੇ 4, ਫਤਿਹਗੜ੍ਹ ਸਾਹਿਬ ਨੇ 11, ਜਲੰਧਰ ਦਿਹਾਤੀ 7, ਹੁਸ਼ਿਆਰਪੁਰ 9, ਕਪੂਰਥਲਾ 4, ਲੁਧਿਆਣਾ ਦਿਹਾਤੀ 2, ਨਵਾਂ ਸ਼ਹਿਰ 1, ਬਠਿੰਡਾ 3, ਫਿਰੋਜ਼ਪੁਰ 7, ਮੋਗਾ 4, ਫਰੀਦਕੋਟ ਪੁਲਸ ਨੇ ਇੱਕ ਕੇਸ ਦਰਜ ਕੀਤਾ ਹੈ। ਖੰਨਾ, ਪਠਾਨਕੋਟ, ਬਰਨਾਲਾ, ਪੁਲਸ ਕਮਿਸ਼ਨਰੇਟ ਲੁਧਿਆਣਾ, ਫਾਜ਼ਿਲਕਾ ਤੇ ਮਾਨਸਾ ਵਿੱਚ ਉਲੰਘਣਾ ਕਰਨ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ। ਡੀ ਜੀ ਪੀ ਦਿਨਕਰ ਗੁਪਤਾ ਦੇ ਅਨੁਸਾਰ ਜ਼ਰੂਰੀ ਸੇਵਾਵਾਂ ਜਿਵੇਂ ਟੈਲੀਕਾਮ, ਬੈਂਕਾਂ, ਏ ਟੀ ਐੱਮਜ਼, ਮੀਡੀਆ, ਡਾਕਟਰਾਂ, ਪੈਰਾ ਮੈਡੀਕਲ, ਸੈਨੇਟਰੀ, ਇਲੈਕਟ੍ਰੀਸ਼ੀਅਨ ਤੇ ਪਲੰਬਰਾਂ ਨੂੰ ਲੋੜ ਅਨੁਸਾਰ ਪਾਸ ਦਿੱਤੇ ਜਾ ਰਹੇ ਹਨ।

# ਕੋਰੋਨਾ ਦਾ ਕਹਿਰ ਜਾਰੀ : ਇਟਲੀ ਵਿੱਚ 743 ਹੋਰ ਮੌਤਾਂ, ਦੁਨੀਆਂ ਵਿੱਚ ਮ੍ਰਿਤਕਾਂ ਦੀ ਗਿਣਤੀ 18000 ਤੋਂ ਟੱਪ ਗਈ

*** ਬ੍ਰਿਟੇਨ ਵਿੱਚ ਪਹਿਲੀ ਵਾਰ ਇੱਕੋ ਦਿਨ 88 ਮੌਤਾਂ**



ਰੋਮ, 25 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਮਾਰੀ ਨੇ ਦੁਨੀਆ ਵਿਚ ਕਹਿਰ ਮਚਾ ਰੱਖਿਆ ਹੈ, ਪਰ ਚੀਨ ਤੋਂ ਬਾਅਦ ਇਟਲੀ ਵਿਚ ਇਸ ਦਾ ਤਿੱਖਾ ਪ੍ਰਭਾਵ ਪਿਛਲੇ 1 ਹਫਤੇ ਤੋਂ ਦੇਖਿਆ ਜਾ ਰਿਹਾ ਹੈ। ਪਿਛਲੇ ਇੱਕ ਹਫਤੇ ਵਿੱਚ ਕੋਰੋਨਾ ਵਾਇਰਸ ਨਾਲ ਸਭ ਤੋਂ ਵੱਧ ਮੌਤਾਂ ਇਟਲੀ ਵਿਚ ਹੋਈਆਂ ਹਨ।

ਮਿਲੇ ਅੰਕੜਿਆਂ ਅਨੁਸਾਰ ਪਿਛਲੇ ਚੌਵੀ ਘੰਟਿਆਂ ਵਿੱਚ ਇਟਲੀ ਵਿਚ 743 ਮੌਤਾਂ ਹੋਰ ਹੋਣ ਨਾਲ ਕੁੱਲ ਮੌਤਾਂ ਦੀ ਗਿਣਤੀ 6,820 ਹੋ ਗਈ ਹੈ। ਕੁਝ ਦਿਨਾਂ ਪਹਿਲਾਂ ਇਟਲੀ ਵਿਚ ਵਧਦੀਆਂ ਮੌਤਾਂ ਨੂੰ ਦੇਖਦੇ ਹੋਏ ਫੌਜ ਤਾਇਨਾਤ ਕੀਤੀ ਗਈ ਸੀ। ਓਥੇ ਲਗਾਤਾਰ ਵਿਗੜਦੀ ਹਾਲਤ ਨੂੰ ਦੇਖ ਕੇ ਕਿਊਬਾ ਨੇ ਆਪਣੀ 52 ਮੈਂਬਰੀ ਟੀਮ ਵੀ ਭੇਜੀ ਹੈ, ਜਿਨ੍ਹਾਂ ਵਿਚ ਕਈ ਡਾਕਟਰ ਅਤੇ ਨਰਸਾਂ ਸ਼ਾਮਲ ਹਨ।

ਇਸ ਦੌਰਾਨ ਬ੍ਰਿਟੇਨ ਵਿਚ ਸਿਰਫ 24 ਘੰਟਿਆਂ ਵਿਚ 88 ਲੋਕਾਂ ਦੀ ਮੌਤ ਹੋਣ ਨਾਲ ਕੋਰੋਨਾ ਵਾਇਰਸ ਦੀ ਮਾਰ ਹੇਠ ਮੌਤਾਂ ਦੀ ਗਿਣਤੀ 422 ਹੋ ਗਈ ਹੈ। ਇਹ ਪਹਿਲੀ ਵਾਰ ਹੈ ਕਿ ਇਸ ਦੇਸ਼ ਵਿੱਚ ਵਿਚ ਇਕੋ ਦਿਨ ਏਨੀ ਗਿਣਤੀ ਵਿਚ ਮੌਤਾਂ ਹੋਈਆਂ ਹਨ। ਇਸ ਦੇ ਨਾਲ ਬ੍ਰਿਟੇਨ ਵਿੱਚ ਪ੍ਰਭਾਵਤ ਕੇਸਾਂ ਦੀ ਗਿਣਤੀ 8,077 ਹੋ ਗਈ ਹੈ। ਏਥੇ ਸਰਕਾਰ ਨੂੰ ਡਰ ਹੈ ਕਿ ਹਾਲਾਤ ਹੋਰ ਵਿਗੜ ਸਕਦੇ ਹਨ ਅਤੇ ਕੋਰੋਨਾ ਵਾਇਰਸ ਨੂੰ ਰੋਕਣ ਦੇ ਲਈ ਲਾਕਡਾਊਨ ਘੱਟੋ ਘੱਟ ਤਿੰਨੇ ਮਹੀਨੇ ਚੱਲ ਸਕਦਾ ਹੈ। ਸਰਕਾਰ ਨੇ ਗੈਰ-ਜ਼ਰੂਰੀ ਦੁਕਾਨਾਂ ਨੂੰ ਬੰਦ ਕਰਨ, ਦੋ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਉੱਤੇ ਰੋਕ ਅਤੇ ਪਰਿਵਾਰਾਂ ਨੂੰ ਘਰਾਂ ਵਿਚ ਰਹਿਣ ਦੇ ਹੁਕਮ ਦਿੱਤੇ ਹਨ।

ਵਰਲਡੋਮੀਟਰ ਦੀ ਰਿਪੋਰਟ ਮੁਤਾਬਕ ਦੁਨੀਆ ਵਿਚ ਮੌਤਾਂ ਦੀ ਗਿਣਤੀ 18000 ਨੂੰ ਪਾਰ ਕਰ ਗਈ ਤੇ ਪ੍ਰਭਾਵਤ ਹੋਏ ਲੋਕਾਂ ਦੀ ਗਿਣਤੀ 4 ਲੱਖ 18 ਹਜ਼ਾਰ ਤੋਂ ਵੱਧ ਹੋ ਗਈ ਹੈ।

ਅਮਰੀਕਾ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਮੀਡੀਆ ਨੂੰ ਦੱਸਿਆ ਕਿ ਨਿਊਯਾਰਕ, ਕੈਲੀਫੋਰਨੀਆ ਤੇ ਵਾਸ਼ਿੰਗਟਨ ਕੋਰੋਨਾ ਵਾਇਰਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ। ਨਿਊਯਾਰਕ ਵਿਚ ਸਭ ਤੋਂ ਵੱਧ 15 ਹਜ਼ਾਰ ਕੇਸ ਹਨ ਤੇ ਪਿਛਲੇ 24 ਘੰਟਿਆਂ ਵਿੱਚ ਦੇਸ਼ ਵਿਚ 9471 ਕੇਸਾਂ ਦਾ ਵਾਧਾ ਹੋਇਆ ਹੈ। ਅੱਜ ਦੇਸ਼ ਵਿਚ 134 ਹੋਰ ਲੋਕਾਂ ਦੀ ਮੌਤ ਦੇ ਨਾਲ ਇਸ ਦੇਸ਼ ਵਿਚ ਕੁੱਲ ਮੌਤਾਂ ਦੀ ਗਿਣਤੀ 687 ਹੋ ਗਈ ਹੈ।

# ਕੋਰੋਨਾ ਤੋਂ ਬਾਅਦ ਹੰਟਾ ਵਾਇਰਸ ਦੀ ਮਾਰ ਸ਼ੁਰੂ

*** ਚੀਨ ਵਿੱਚ ਹੰਟਾ ਨਾਲ ਪਹਿਲੀ ਮੌਤ ਪਿੱਛੋਂ ਹਲਚਲ ਮੱਚੀ**

ਬੀਜਿੰਗ, 24 ਮਾਰਚ, (ਪੋਸਟ ਬਿਊਰੋ)- ਚੀਨ ਦੇ ਵੂਹਾਨ ਸ਼ਹਿਰ ਤੋਂ ਫੈਲਿਆ ਕੋਰੋਨਾ ਵਾਇਰਸ ਸਮੁੱਚੀ ਦੁਨੀਆ ਵਿਚ ਮਹਾਮਾਰੀ ਬਣ ਕੇ ਫੈਲ ਚੁੱਕਾ ਹੈ ਤੇ ਇਸ ਨਾਲ 18000 ਤੋਂ ਵੱਧ ਮੌਤਾਂ ਹੋਈਆਂ ਹਨ। ਇਸ ਦੇ ਬਾਅਦ ਚੀਨ ਦੇ ਹੁਨਾਨ ਰਾਜ ਵਿਚ ਇਕ ਹੋਰ ਖਤਰਨਾਕ ਵਾਇਰਸ ਉੱਠ ਪਿਆ ਹੈ, ਜਿਸ ਨੂੰ ਹੰਟਾ ਵਾਇਰਸ ਕਿਹਾ ਗਿਆ ਹੈ। ਇਸ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਹੈ, ਜਿਹੜਾ ਗਵਾਂਢੀ ਰਾਜ ਤੋਂ ਮੁੜੀ ਬੱਸ ਵਿੱਚ ਜਾ ਰਿਹਾ ਸੀ। ਉਸ ਦੀ ਮੌਤ ਬੱਸ ਵਿਚ ਹੀ ਹੋ ਗਈ। ਇਸ ਬੱਸ ਵਿਚ ਮੌਜੂਦ ਹੋਰ ਸਵਾਰੀਆਂ ਦਾ ਵੀ ਟੈਸਟ ਕੀਤਾ ਜਾ ਰਿਹਾ ਹੈ।

ਇਸ ਘਟਨਾ ਦੀ ਆਮ ਲੋਕਾਂ ਨੂੰ ਜਾਣਕਾਰੀ ਮਿਲਦੇ ਸਾਰ ਸੋਸ਼ਲ ਮੀਡੀਆ ਉੱਤੇ ਹਲਚਲ ਮੱਚ ਗਈ। ਲੋਕ ਟਵੀਟ ਕਰ ਕੇ ਡਰ ਪ੍ਰਗਟ ਕਰ ਰਹੇ ਸਨ ਕਿ ਕਿਤੇ ਇਹ ਵੀ ਕੋਰੋਨਾ ਵਾਇਰਸ ਵਾਂਗ ਵੱਡੇ ਪੱਧਰ ਉੱਤੇ ਨਾ ਫੈਲ ਜਾਵੇ। ਇਸ ਦੀ ਜਾਣਕਾਰੀ ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਦਿੱਤੀ ਹੈ। ਡਰੇ ਹੋਏ ਲੋਕ ਕਹਿ ਰਹੇ ਹਨ ਕਿ ਚੀਨ ਵਿਚ ਜ਼ਿੰਦਾ ਜਾਨਵਰਾਂ ਨੂੰ ਖਾਣਾ ਬੰਦ ਕਰਨਾ ਚਾਹੀਦਾ ਹੈ। ਇਸ ਬਾਰੇ ਮਾਹਰਾਂ ਦੀ ਰਾਏ ਹੈ ਕਿ ਇਹ ਕੋਰੋਨਾ ਵਾਇਰਸ ਜਿੰਨਾ ਘਾਤਕ ਨਹੀਂ ਹੈ। ਇਹ ਚੂਹੇ ਆਦਿ ਦੇ ਸੰਪਰਕ ਨਾਲ ਫੈਲਦਾ ਹੈ।

# ਜਨਤਾ ਕਰਫਿਊ ਦੇ ਦਿਨ ਵਿਆਹ ਕਰਵਾਉਣ ਵਾਲੇ ਨੌਜਵਾਨ ਖ਼ਿਲਾਫ਼ ਕੇਸ

ਭਵਾਨੀਗੜ੍ਹ, 24 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਤੋਂ ਆਏ ਇਥੋਂ ਨੇੜਲੇ ਪਿੰਡ ਬੀਂਬੜੀ ਦੇ ਪ੍ਰਭਜੋਤ ਸਿੰਘ ਨੇ ਸਰਕਾਰੀ ਹਦਾਇਤਾਂ ਨੂੰ ਉਲੰਘ ਕੇ ਜਨਤਾ ਕਰਫਿਊ ਦੇ ਦਿਨ ਵਿਆਹ ਕਰਵਾ ਲਿਆ। ਇਸ ਦੀ ਸੂਚਨਾ ਉੱਤੇ ਭਵਾਨੀਗੜ੍ਹ ਪੁਲਸ ਨੇ ਸਰਕਾਰੀ ਹੁਕਮਾਂ ਦੀ ਉਲੰਘਣਾ ਦੇ ਦੋਸ਼ ਹੇਠ ਪ੍ਰਭਜੋਤ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਰਮਨਦੀਪ ਸਿੰਘ ਨੇ ਦੱਸਿਆ ਕਿ ਪ੍ਰਭਜੋਤ ਸਿੰਘ ਵਾਸੀ ਬੀਂਬੜੀ ਕੁਝ ਦਿਨ ਪਹਿਲਾਂ ਹੀ ਨਿਊਜ਼ੀਲੈਂਡ ਤੋਂ ਭਾਰਤ ਆਇਆ ਸੀ। ਕੋਰੋਨਾ ਵਾਇਰਸ ਦੇ ਕਾਰਨ ਸਿਹਤ ਵਿਭਾਗ ਭਵਾਨੀਗੜ੍ਹ ਦੀ ਟੀਮ ਨੇ ਉਸ ਨੂੰ ਘਰ ਵਿੱਚ ਹੀ ਰਹਿਣ ਨੂੰ ਕਿਹਾ ਸੀ ਅਤੇ ਉਸ ਨੂੰ ਵਿਆਹ ਜਾਂ ਹੋਰ ਇਕੱਠ ਵਾਲੇ ਕਿਸੇ ਪ੍ਰੋਗਰਾਮ ਵਿੱਚ ਸ਼ਾਮਲ ਨਾ ਹੋਣ ਲਈ ਆਖਿਆ ਸੀ, ਪਰ ਉਹ ਹਦਾਇਤਾਂ ਦੀ ਉਲੰਘਣਾ ਕਰ ਕੇ ਜਨਤਾ ਕਰਫਿਊ ਦੌਰਾਨ ਕੁਝ ਵਿਅਕਤੀਆਂ ਸਮੇਤ ਵਿਆਹ ਕਰਵਾਉਣ ਚਲਾ ਗਿਆ। ਇਸ ਦੀ ਜਾਣਕਾਰੀ ਮਿਲਦਿਆਂ ਸਾਰ ਐਸ ਡੀ ਐਮ ਭਵਾਨੀਗੜ੍ਹ ਅੰਕੁਲ ਮਹਿੰਦਰੂ ਨੇ ਡੀ ਐਸ ਪੀ ਭਵਾਨੀਗੜ੍ਹ ਗੋਬਿੰਦਰ ਸਿੰਘ ਨੂੰ ਲਿਖਤੀ ਪੱਤਰ ਰਾਹੀਂ ਪ੍ਰਭਜੋਤ ਸਿੰਘ ਦੇ ਖ਼ਿਲਾਫ਼ ਕਾਰਵਾਈ ਲਈ ਕਿਹਾ। ਇਸ ਪਿੱਛੋਂ ਉਸ ਦੇ ਖ਼ਿਲਾਫ਼ ਥਾਣਾ ਭਵਾਨੀਗੜ੍ਹ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਪ੍ਰਭਜੋਤ ਸਿੰਘ ਦੇ ਭਰਾ ਰਾਜਦੀਪ ਸਿੰਘ ਨੇ ਇਸ ਸਬੰਧੀ ਦੱਸਿਆ ਕਿ ਉਨ੍ਹਾਂ ਤੋਂ ਇਹ ਗ਼ਲਤੀ ਮਜਬੂਰੀਵੱਸ ਹੋਈ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਹਦਾਇਤਾਂ ਦੀ ਜਾਣਕਾਰੀ ਵਿਆਹ ਤੋਂ ਇੱਕ-ਦੋ ਦਿਨ ਪਹਿਲਾਂ ਮਿਲੀ ਸੀ ਪਰ ਦੂਜੇ ਪਾਸੇ ਲੜਕੀ ਵਾਲਿਆਂ ਨੇ ਵਿਆਹ ਦੀ ਸਾਰੀ ਤਿਆਰੀ ਕੀਤੀ ਹੋਣ ਕਾਰਨ ਉਹ ਸਿਰਫ਼ ਪੰਜ ਵਿਅਕਤੀ ਜਾ ਕੇ ਧਾਰਮਿਕ ਰਸਮ ਕਰ ਕੇ ਵਾਪਸ ਆ ਗਏ ਅਤੇ ਲੜਕੀ ਨੂੰ ਵੀ ਨਾਲ ਨਹੀਂ ਲੈ ਕੇ ਆਏ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੋਰੋਨਾ ਦਾ ਇਲਾਜ: ਭਾਰਤ ਵਿੱਚ ਪਹਿਲੀ ਦੇਸੀ ਕਿੱਟ ਨੂੰ ਮਨਜ਼ੂਰੀ ਮਿਲੀ

*** ਇੱਕ ਹਫਤੇ ਵਿੱਚ ਇੱਕ ਕਰੋੜ ਟੈਸਟ ਪਹਿਲਾਂ ਨਾਲੋਂ ਸਸਤੇ ਰੇਟਾਂ ਉੱਤੇ**

ਪੁਣੇ, 24 ਮਾਰਚ, (ਪੋਸਟ ਬਿਊਰੋ)- ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ (ਆਈ ਸੀ ਐੱਮ ਆਰ) ਨੇ ਕੋਰੋਨਾ ਵਾਇਰਸ ਟੈਸਟ ਲਈ ਭਾਰਤ ਵਿੱਚ ਬਣਾਈ ਗਈ ਪਹਿਲੀ ਟੈਸਟ ਕਿੱਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪੁਣੇ ਵਿਚਲੀ ਫਰਮ ਮਾਈਲੈਬ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਮਾਈਲੈਬ ਨੇ ਇਕ ਹਫਤੇ ਵਿਚ 1 ਲੱਖ ਕਿੱਟਾਂ ਬਣਾਉਣ ਦਾ ਵਾਅਦਾ ਕੀਤਾ ਹੈ। ਇਸ ਕੰਪਨੀ ਦਾ ਦਾਅਵਾ ਹੈ ਕਿ ਇਕ ਕਿੱਟ ਨਾਲ 100 ਮਰੀਜ਼ਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਪੁਣੇ ਦੀ ਇਸ ਲੈਬ ਵਿਚ ਹਰ ਹਫ਼ਤੇ 1 ਲੱਖ ਕਿੱਟਾਂ ਬਣਾਈਆਂ ਜਾ ਸਕਦੀਆਂ ਹਨ। ਜਿਹੜੀ ਕਿੱਟ ਮਾਈਲੈਬ ਬਣਾਵੇਗੀ, ਵਿਦੇਸ਼ ਤੋਂ ਆਉਂਦੀ ਕਿੱਟ ਦੇ ਚੌਥਾਈ ਹਿੱਸੇ ਦੀ ਲਾਗਤ ਆਵੇਗੀ। ਮਾਈਲੈਬ ਪੈਥੋਡੈਕਟੈਕਟ ਅਸਲ ਵਿੱਚ ਕੋਰੋਨਾ ਵਾਇਰਸ ਦੇ ਕੁਆਲਿਟੀ ਚੈੱਕ ਵਾਲੀ ਪਹਿਲੀ ਕਿੱਟ ਹੈ, ਜਿਹੜੀ ਵਪਾਰਕ ਤੌਰ ਉੱਤੇ ਮਨਜ਼ੂਰ ਕੀਤੀ ਗਈ ਹੈ। ਇਸ ਨੂੰ ਭਾਰਤ ਦੇ ਕੇਂਦਰੀ ਡਰੱਗ ਸਟੈਂਡਰਡਜ਼ ਕੰਟਰੋਲ ਆਰਗੇਨਾਈਜ਼ੇਸ਼ਨ ਨੇ ਮਨਜ਼ੂਰੀ ਦਿੱਤੀ ਹੈ। ਇਸ ਤੋਂ ਇਲਾਵਾ ਮਾਈਲਾਬ ਇਕੱਲੀ ਭਾਰਤੀ ਕੰਪਨੀ ਹੈ, ਜਿਸ ਨੇ ਆਈ ਸੀ ਐਮ ਆਰ ਦੇ ਮੁਲੰਕਣ ਵਿਚ 100 ਫੀਸਦੀ ਸੈਂਸੇਟਿਵਿਟੀ ਅਤੇ ਸਪੈਸ਼ਲਾਈਜ਼ੇਸ਼ਨ ਹਾਸਲ ਕੀਤੀ ਹੈ।

ਇਸ ਸੰਬੰਧ ਵਿਚ ਮਾਈਲੈਬ ਡਿਸਕਵਰੀ ਸਲਿਊਸ਼ਨਜ਼ ਦੇ ਡਾਇਰੈਕਟਰ ਜਨਰਲ ਹਸਮੁਖ ਰਾਵਲ ਨੇ ਦੱਸਿਆ: 'ਸੀ ਓ ਵੀ ਆਈ ਡੀ-19 ਦੇ ਟੈਸਟ ਲਈ ਇਹ ਕਿੱਟ ਮੇਕ ਇਨ ਇੰਡੀਆ ਦੇ ਅਧੀਨ ਰਾਜ ਅਤੇ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਰਿਕ-ਾਰਡ ਸਮੇਂ ਵਿੱਚ ਭਾਰਤ ਵਿਚ ਬਣਾਈ ਗਈ ਹੈ। ਇਸ ਨੂੰ ਕੇਂਦਰੀ ਫਾਰਮਾਸਿਊਟੀਕਲ ਸਟੈਂਡਰਡਜ਼ ਕੰਟਰੋਲ ਆਰਗੇਨਾਈਜ਼ੇਸ਼ਨ ਦੀ ਮਨਜ਼ੂਰੀ ਮਿਲੀ ਹੈ।'

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

ShenGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਐੱਨ.ਡੀ.ਪੀ. ਨੇ ਡਾਲਰ ਲੋਕਾਂ ਦੇ ਹੱਥਾਂ 'ਚ ਦੇਣ ਤੇ ਨੌਕਰੀਆਂ ਸੁਰੱਖ਼ਿਅਤ ਰੱਖਣ ਦਾ ਸੁਝਾਅ ਦਿੱਤਾ

ਔਟਵਾ, (ਡਾ. ਝੰਡ) -ਐੱਨ.ਡੀ.ਪੀ. ਦੇ ਮੁੱਖ-ਦਫ਼ਤਰ ਤੋਂ ਪ੍ਰਾਪਤ ਸੂਚਨਾ ਅਨੁਸਾਰ ਪਾਰਟੀ ਦੇ ਮੁਖੀ ਜਗਮੀਤ ਸਿੰਘ ਨੇ ਲਿਬਰਲ ਸਰਕਾਰ ਨੂੰ ਪ੍ਰਬੰਧਕੀ ਬੋਝ ਘਟਾਉਣ ਲਈ ਕੈਨੇਡਾ-ਵਾਸੀਆਂ ਨੂੰ ਵਿੱਤੀ-ਸਹਾਇਤਾ ਸਿੱਧੀ ਪਹੁੰਚਾਉਣ ਅਤੇ ਕਾਰੋਬਾਰਾਂ ਲਈ ਵਰਕਰਾਂ ਦੀਆਂ ਤਨਖ਼ਾਹਾਂ ਦੀ ਸਬਸਿਟੀ ਵਧਾਉਣ ਤੇ ਉਨ੍ਹਾਂ ਦੀਆਂ ਨੌਕਰੀਆਂ ਸੁਰੱਖ਼ਿਅਤ ਕਰਨ ਦੀ ਗੱਲ ਕਹੀ ਹੈ।



ਇਸ ਦੇ ਬਾਰੇ ਗੱਲਬਾਤ ਕਰਦਿਆਂ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਕਿਹਾ, "ਲੋਕ ਇਸ ਸਮੇਂ ਆਪਣੇ ਬਿੱਲਾਂ ਦੀ ਅਦਾਇਗੀ ਤੇ ਘਰਾਂ ਦੇ ਖ਼ਰਚੇ ਚਲਾਉਣ ਬਾਰੇ ਫ਼ਿਕਰਮੰਦ ਹਨ ਅਤੇ ਲਿਬਰਲ ਸਰਕਾਰ ਵੱਲੋਂ ਇਸ ਦੇ ਬਾਰੇ ਜੋ ਕਦਮ ਲਏ ਜਾ ਰਹੇ ਹਨ, ਉਨ੍ਹਾਂ ਮੁਤਾਬਿਕ ਇਹ ਸਹਾਇਤਾ ਤਾਂ ਕੁਝ ਹਫ਼ਤਿਆਂ ਜਾਂ ਮਹੀਨਿਆਂ ਬਾਅਦ ਆਏਗੀ। ਜਿਨ੍ਹਾਂ ਲੋਕਾਂ ਨੇ ਇਸ ਮਹੀਨੇ ਦਾ ਮਕਾਨ ਦਾ ਕਿਰਾਇਆ ਦੇਣਾ ਹੈ, ਉਨ੍ਹਾਂ ਲਈ ਇਸ ਦੀ ਅਦਾਇਗੀ ਕਰਨ ਲਈ ਤਾਂ ਅਗਲੇ ਕੁਝ ਦਿਨ ਹੀ ਬਚੇ ਹਨ। ਸਰਕਾਰ ਨੂੰ ਕੈਨੇਡਾ-ਵਾਸੀਆਂ ਨੂੰ ਇਹ ਵਿੱਤੀ-ਸਹਾਇਤਾ ਜਲਦੀ ਤੋਂ ਜਲਦੀ ਪਹੁੰਚਾਉਣੀ ਚਾਹੀਦੀ ਹੈ।"

ਐੱਨ.ਡੀ.ਪੀ. ਨੇ ਹਰੇਕ ਪਰਿਵਾਰ ਨੂੰ 2,000 ਡਾਲਰ ਦੀ ਵਿੱਤੀ-ਸਹਾਇਤਾ ਦੇਣ ਅਤੇ ਹਰੇਕ ਬੱਚੇ ਲਈ 250 ਡਾਲਰ ਵਧੇਰੇ ਦੇਣ ਦੀ ਮੰਗ ਕੀਤੀ ਹੈ। ਇਸ ਦੇ ਨਾਲ਼ ਹੀ ਇਸ ਨੇ ਹੋਰਨਾਂ ਦੇਸ਼ਾਂ ਵਾਂਗ ਕਰਮਚਾਰੀਆਂ ਦੀਆਂ ਤਨਖ਼ਾਹਾਂ ਲਈ ਸਬਸਿਡੀ 75% ਤੱਕ ਵਧਾਉਣ ਦੀ ਵੀ ਗੱਲ ਕੀਤੀ ਹੈ ਅਤੇ ਇਸ ਦੇ ਬਦਲੇ ਕੰਪਨੀਆਂ ਆਪਣੇ ਵਰਕਰਾਂ ਨੂੰ 'ਲੇਅ-ਆਫ਼' 'ਤੇ ਨਹੀਂ ਭੇਜਣਗੀਆਂ। ਜਗਮੀਤ ਸਿੰਘ ਨੇ ਕਿਹਾ,"ਲੱਖਾਂ ਹੀ ਕੈਨੇਡੀਅਨ ਵਰਕਰ ਪਹਿਲਾਂ ਹੀ ਲੇਅ-ਆਫ਼ ਕੀਤੇ ਜਾ ਚੁੱਕੇ ਹਨ ਅਤੇ ਹੋਰ ਕਈਆਂ ਨੂੰ ਆਪਣੀਆਂ ਨੌਕਰੀਆਂ ਦੇ ਖੁੱਸਣ ਦਾ ਡਰ ਹੈ। ਇਹ ਗੱਲ ਹੁਣ ਸ਼ੀਸ਼ੇ ਵਾਂਗ ਸਾਫ਼ ਹੈ ਕਿ ਸਰਕਾਰ ਵੱਲੋਂ ਦਿੱਤੀ ਜਾ ਰਹੀ 10% ਸਬਸਿਡੀ ਵਰਕਰਾਂ ਦੀ ਲੇਅ-ਆਫ਼ ਨੂੰ ਰੋਕਣ ਲਈ ਕਾਫ਼ੀ ਨਹੀਂ ਹੋਵੇਗੀ। ਇਨ੍ਹਾਂ ਨੌਕਰੀਆਂ ਨੂੰ ਬਚਾਉਣ ਅਤੇ ਵਰਕਰਾਂ ਨੂੰ ਯਕੀਨੀ ਬਨਾਉਣ ਲਈ ਇਸ ਸਬਸਿਡੀ ਨੂੰ ਵਧਾਉਣ ਦੀ ਲੋੜ ਹੈ, ਜਿਵੇਂ ਕਈ ਹੋਰ ਦੇਸ਼ਾਂ ਨੇ ਕੀਤਾ ਹੈ। ਸਰਕਾਰ ਵੱਲੋਂ ਅਗਲੇ ਕਦਮ ਲੈਣ ਤੱਕ ਸਾਨੂੰ ਹੋਰ ਵਰਕਰਾਂ ਦੀਆਂ ਨੌਕਰੀਆਂ ਦੇ ਜਾਣ ਦੀ ਉਡੀਕ ਨਹੀਂ ਕਰਨੀ ਚਾਹੀਦੀ। ਇਸ 'ਫ਼ਾਇਰਿੰਗ ਫ਼ਰੀਜ਼' ਨੂੰ ਅਮਲ ਵਿਚ ਲਿਆਉਣ ਲਈ ਸਾਨੂੰ ਹੁਣੇ ਹੀ ਲੋੜੀਂਦੀ ਕਾਰਵਾਈ ਕਰਨ ਦੀ ਜ਼ਰੂਰਤ ਹੈ।

# ਡਾ. ਮਹਿਰੋਕ ਦੀ ਪੁਸਤਕ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਲੋਕ-ਅਰਪਿਤ



ਪੁਸਤਕ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਲੋਕ-ਅਰਪਣ ਕਰਦੇ ਹੋਏ ਡਾ. ਹਰਜਿੰਦਰ ਸਿੰਘ ਅਟਵਾਲ, ਡਾ. ਕਰਮਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ ਮਹਿਰੋਕ, ਡਾ. ਪਰਮਜੀਤ ਸਿੰਘ, ਮਦਨ ਵੀਰਾ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਅਸ਼ੋਕਪੁਰੀ, ਡਾ. ਅਰਮਨਪ੍ਰੀਤ ਅਤੇ ਹੋਰ।

ਹੁਸ਼ਿਆਰਪੁਰ, -ਬੀਤੇ ਦਿਨੀਂ 'ਸਾਹਿਤ ਸਦਨ ਹੁਸ਼ਿਆਰਪੁਰ' ਅਤੇ 'ਪ੍ਰਗਤੀਸ਼ੀਲ ਲੇਖਕ ਸੰਘ' ਹੁਸ਼ਿਆਰਪੁਰ ਵਲੋਂ ਸਾਂਝੇ ਤੌਰ 'ਤੇ ਸਥਾਨਕ ਸ਼ਿਰਾਜ਼ ਪੈਲੇਸ ਵਿਖੇ ਪੰਜਾਬੀ ਸਾਹਿਤ ਦੇ ਸਮਾਲੋਚਕ ਅਤੇ ਪੰਜਾਬੀ ਲੋਕਧਾਰਾ ਦੇ ਉੱਘੇ-ਵਿਦਵਾਨ ਲੇਖਕ ਡਾ. ਪ੍ਰਿਤਪਾਲ ਸਿੰਘ ਮਹਿਰੋਕ ਦੀ ਵੱਡ-ਮੁੱਲੀ ਪੁਸਤਕ 'ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ' ਦਾ ਇਕ ਪ੍ਰਭਾਵਸ਼ਾਲੀ ਸਾਹਿਤਕ ਲੋਕ-ਅਰਪਣ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਮਾਗਮ ਦੇ ਪ੍ਰਧਾਨਗੀ-ਮੰਡਲ ਵਿਚ ਡਾ. ਹਰਜਿੰਦਰ ਸਿੰਘ ਅਟਵਾਲ, ਡਾ, ਕਰਮਜੀਤ ਸਿੰਘ, ਪ੍ਰਿੰ: ਡਾ. ਪਰਮਜੀਤ ਸਿੰਘ, ਪ੍ਰਿੰ: ਦੇਸ਼ਬੀਰ ਸ਼ਰਮਾ ਅਤੇ ਪ੍ਰਿੰ: ਨਵਤੇਜ ਗੜ੍ਹਦੀਵਾਲਾ ਸ਼ਾਮਲ ਹੋਏ।

ਸਮਾਗਮ ਦੀ ਆਰੰਭਤਾ ਵਿਚ ਸ਼ਾਇਰ ਮਦਨ ਵੀਰਾ ਨੇ ਇਸ ਪੁਸਤਕ ਨੂੰ ਪੰਜਾਬੀ ਲੋਕਧਾਰਾ ਲਈ ਸ਼ੁਭ-ਸ਼ਗਨ ਵਾਲੀ ਵਿਸ਼ੇਸ਼ ਪ੍ਰਾਪਤੀ ਕਿਹਾ। ਉਦਘਾਟਨੀ ਸੰਬੋਧਨ ਵਿਚ ਪ੍ਰਿੰ: ਡਾ. ਪਰਮਜੀਤ ਸਿੰਘ ਨੇ ਕਿਹਾ ਕਿ ਡਾ. ਮਹਿਰੋਕ ਦੀ ਇਹ ਪੁਸਤਕ ਪੰਜਾਬੀ ਲੋਕਧਾਰਾ ਦੇ ਵਰਤਾਰਿਆ, ਪੈਟਰਨਾਂ ਨੂੰ ਸੁਹਜ ਅਤੇ ਸੰਜਮ ਭਰਪੂਰ ਸ਼ੈਲੀ ਵਿੱਚ ਪ੍ਰਸਤੁਤ ਕਰਦੀ ਖੋਜ-ਕਾਰਜ ਲਈ ਜਗਿਆਸਾ ਜਗਾਉਂਦੀ ਪ੍ਰੇਰਕ ਪੁਸਤਕ ਹੈ। ਪੁਸਤਕ ਵਿੱਚੋਂ ਲੋਕ-ਕਲਾਵਾਂ, ਲੋਕ-ਗੀਤਾਂ, ਲੋਕ-ਰਸਮਾਂ, ਲੋਕ-ਨਾਟ ਆਦਿ ਵਿਸਰ ਰਹੇ ਵਰਤਾਰਿਆਂ ਦੇ ਪ੍ਰਸੰਗ ਨਾਲ ਡਾ. ਮਹਿਰੋਕ ਦੀ ਇਸ ਪੁਸਤਕ ਨੂੰ ਲੋਕ-ਧਾਰਾ ਦੇ ਖੇਤਰ ਵੱਲ ਖੁੱਲ੍ਹਦਾ ਇਕ ਨਵਾਂ ਰਾਹ ਪਰਿਮਾਣਤ ਕਰਦਿਆਂ ਡਾ. ਹਰਜਿੰਦਰ ਸਿੰਘ ਅਟਵਾਲ ਨੇ ਲੋਕਧਾਰਾ ਦੇ ਤਤਕਾਲੀ ਸਮਾਜਿਕ-ਸੱਭਿਆਚਾਰਕ ਵਰਤਾਰੇ ਦੇ ਨਾਬਰੀ ਰੂਪ ਦੀ ਗੱਲ ਕੀਤੀ ।

ਲੋਕਧਾਰਾ ਵਿਗਿਆਨੀ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਪੁਸਤਕ ਸਪੱਸ਼ਟ ਕਰਦੀ ਹੈ ਕਿ ਲੋਕਧਾਰਾ ਇੱਕ ਨਿਰੰਤਰ ਸਿਰਜਿਆ ਜਾਣ ਵਾਲਾ ਵਰਤਾਰਾ ਹੈ ਜਿਸ ਦੇ ਖੇਤਰ ਦਾ ਡਾ. ਮਹਿਰੋਕ ਨੇ ਗੰਭੀਰ ਅਧਿਐਨ ਕਰਕੇ ਉੱਚੇ ਸਾਹਿਤਕ ਪੱਧਰ ਨੂੰ ਬਰਕਰਾਰ ਰੱਖਿਆ ਹੈ। ਚਰਚਾ ਵਿੱਚ ਡਾ. ਜਸਵੰਤ ਰਾਏ ਨੇ ਕਿਹਾ ਕਿ ਇਸ ਪੁਸਤਕ ਰਾਹੀਂ ਪੰਜਾਬੀ ਲੋਕ-ਗੀਤਾਂ ਦੀ ਪਿੱਠ-ਭੂਮੀ ਵਿੱਚ ਅਲੋਪ ਹੋ ਰਹੇ ਪੰਜਾਬੀ ਲੋਕਧਾਰਾ ਦੇ ਵਰਤਾਰਿਆਂ ਨੂੰ ਪੁਨਰ-ਸੁਰਜੀਤ ਕੀਤਾ ਗਿਆ ਹੈ। ਡਾ. ਅਰਮਨਪ੍ਰੀਤ ਨੇ ਪੰਜਾਬੀ ਲੋਕਯਾਨ ਦੇ ਖੋਜ ਕਾਰਜ ਦੇ ਹੋਰ ਨਵੇਂ ਪੈਟਰਨਾਂ ਅਤੇ ਵਿਸਰਦੇ ਵਰਤਾਰਿਆਂ ਦੀ ਯਾਤਰਾ ਮੂਲਕ ਸੂਚੀ ਨੂੰ ਅੰਕੜਾ ਸੰਬੰਧੋਨੀ ਲੋਕ-ਸ਼ੈਲੀ ਵਿੱਚ ਰੂਪਮਾਨ ਕਰਦੀ ਇਸ ਪੁਸਤਕ ਨੂੰ ਆਗਾਮੀ ਪੀੜ੍ਹੀਆਂ ਲਈ ਵਿਰਸੇ ਦੀ ਬਾਤ ਪਾਉਂਦੀ ਮੁੱਲਵਾਨ ਸਾਹਿਤਕ ਸਿਰਜਣਾ ਕਿਹਾ। ਡਾ. ਸ਼ਮਸ਼ੇਰ ਮੋਹੀ ਨੇ ਇਸ ਪੁਸਤਕ ਨੂੰ ਪੰਜਾਬੀ ਲੋਕਧਾਰਾ ਦੇ ਨਵੇਂ ਲੋਕ-ਸ਼ਾਸ਼ਤਰੀ ਆਯਾਮ ਖੋਲ੍ਹਦੀ ਇੱਕ ਖਿੜਕੀ ਵਜੋਂ ਵਡਿਆਇਆ। ਪ੍ਰਿੰ: ਨਵਤੇਜ ਗੜਦੀਵਾਲਾ ਨੇ ਪੁਸਤਕ ਨੂੰ ਲੋਕ-ਵਿਰਸੇ ਦਾ ਪੁਖਤਾ ਦਸਤਾਵੇਜ਼ ਦਸਦਿਆਂ ਪਾਠਕਾਂ ਨੂੰ ਵੱਧ ਤੋਂ ਵੱਧ ਪੜ੍ਹਨ ਲਈ ਪ੍ਰੇਰਿਤ ਕੀਤਾ ।ਆਪਣੇ ਭੇਜੇ ਪਰਚਿਆਂ ਵਿੱਚ ਡਾ. ਧਰਮਪਾਲ ਸਾਹਿਲ, ਡਾ. ਹਰਚਰਨ ਅਤੇ ਪ੍ਰਸਿੱਧ ਕਵੀ ਮਲਵਿੰਦਰ ਨੇ ਪੁਸਤਕ ਦੇ ਲੋਕ-ਧਾਰਾਈ ਅਤੇ ਸਭਿਆਚਾਰਕ ਮਹੱਤਵ ਨੂੰ ਪ੍ਰਮੁੱਖ ਸੁਰ ਵਿੱਚ ਉਘਾੜਿਆ ।

ਲੇਖਕ ਪ੍ਰਿਤਪਾਲ ਸਿੰਘ ਮਹਿਰੋਕ ਨੇ ਪੁਸਤਕ ਦੀ ਸਿਰਜਣ ਪ੍ਰਕਿਰਿਆ ਬਾਰੇ ਦੱਸਿਆ ਕਿ ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਬਹੁਤ ਵਿਸ਼ਾਲ ਅਤੇ ਵਿਸਤ੍ਰਿਤ ਅਨੁਸ਼ਾਸ਼ਨਾਂ ਵਾਲਾ ਵਰਤਾਰਾ ਹੈ ਤੇ ਪੁਸਤਕ ਵਿੱਚ ਪੰਜਾਬੀ ਲੋਕ-ਜੀਵਨ ਨੂੰ ਅਰਥ ਦਿੰਦੇ ਵਰਤਾਰਿਆਂ ਨੂੰ ਹੀ ਚੁਣ ਅਤੇ ਚਿਣਕੇ ਇੱਕ ਸਿਸਟਮ ਵਿੱਚ ਬੰਨ੍ਹ ਕੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਇਸ ਮੌਕੇ ਪ੍ਰਮੁੱਖ ਸ਼ਖਸ਼ੀਅਤਾਂ ਅਤੇ ਡਾ. ਮਹਿਰੋਕ ਦੇ ਖੋਜਾਰਥੀਆਂ, ਵਿੱਦਿਆਂਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਸਟੇਜ-ਸਕੱਤਰ ਦੀ ਭੂਮਿਕਾ ਰੰਗ-ਕਰਮੀ ਅਸ਼ੋਕ ਪੁਰੀ ਨੇ ਨਿਭਾਈ ਅਤੇ ਹਾਜ਼ਰੀਨ ਦਾ ਧੰਨਵਾਦ ਬਲਜਿੰਦਰ ਮਾਨ ਨੇ ਕੀਤਾ। ਸਮਾਗਮ ਵਿੱਚ ਨਾਵਲਕਾਰ ਪ੍ਰਿੰ. ਦਰਸ਼ਨ ਸਿੰਘ ਦਰਸ਼ਨ, ਨਵਪੁਨੀਤ ਸਿੰਘ ਮਹਿਰੋਕ, ਸ਼੍ਰੀਮਤੀ ਸੁਰਿੰਦਰ ਕੌਰ ਮਹਿਰੋਕ, ਪ੍ਰੋ. ਜਸਪਾਲ, ਡਾ. ਮਨਮੋਹਨ ਸਿੰਘ ਤੀਰ, ਜਸਵੀਰ ਸਿੰਘ ਧੀਮਾਨ, ਕੁਲਤਾਰ ਸਿੰਘ ਕੁਲਤਾਰ, ਪ੍ਰੋ. ਮਲਕੀਤ ਜੌੜਾ, ਡਾ. ਬਲਵਿੰਦਰ ਸਿੰਘ, ਪੰਮਦੀਪ, ਜਸਵੰਤ ਖਾਨਪੁਰੀ, ਸੁਖਵਿੰਦਰ ਸੁੱਖੀ, ਹਰਦੀਪ ਮਾਨਵ, ਰਾਜਾਸਿੰਘ ਪੱਟੀ, ਜਸਵਿੰਦਰ ਜੱਸੀ, ਦਿਲਰਾਜ ਸੀਕਰੀ, ਬਲਜਿੰਦਰ ਪਾਲ ਸਿੰਘ, ਸੁੱਖਵਿੰਦਰ ਸਰਮਾਲ, ਤਰਸੇਮ ਸਿੰਘ ਸੈਣੀ, ਹਰਜਿੰਦਰ ਸਿੰਘ, ਕੁਲਦੀਪ ਕੌਰ, ਡਾ. ਮੀਨਾ ਸੂਦ, ਆਦਿ ਸਾਹਿਤ-ਪ੍ਰੇਮੀ ਹਾਜ਼ਰ ਸਨ।

# ਮਾਡਰਨ ਸਰਜੀਕਲ ਹਾਊਸ ਦਾ ਮਾਲਕ ਰਸ਼ਿਮ ਫਰਾਰ, ਪਤਨੀ ਨੂੰ ਜ਼ਮਾਨਤ ਮਿਲੀ

ਜਲੰਧਰ, 23 ਮਾਰਚ (ਪੋਸਟ ਬਿਊਰੋ)- ਸੈਨੀਟਾਈਜ਼ਰ ਅਤੇ ਮਾਸਕ ਦੀ ਕਾਲਾ ਬਾਜ਼ਾਰੀ ਦੇ ਦੋਸ਼ ਵਿੱਚ ਫਰਾਰ ਮਾਡਰਨ ਸਰਜੀਕਲ ਹਾਊਸ ਦੇ ਮਾਲਕ ਰਸ਼ਿਮ ਮਹਾਜਨ ਦੀ ਤਲਾਸ਼ ਵਿੱਚ ਛਾਪੇਮਾਰੀ ਹੋਈ ਹੈ, ਪਰ ਉਹ ਫਰਾਰ ਹੈ। ਕੇਸ ਵਿੱਚ ਗ੍ਰਿਫਤਾਰ ਕੀਤੀ ਗਈ ਉਸ ਦੀ ਪਤਨੀ ਸੁਰਭੀ ਮਹਾਜਨ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ ਹੈ।

ਸੁਰਭੀ ਨੇ ਕਿਹਾ ਕਿ ਉਸ ਦੇ ਪਤੀ ਹੀ ਦੱਸ ਸਕਦੇ ਹਨ ਕਿ ਬਰਾਮਦ ਕੀਤੇ ਸੈਨੀਟਾਈਜ਼ਰ ਅਤੇ ਮਾਸਕ ਦੇ ਬਿੱਲ ਕਿੱਥੇ ਹਨ ਅਤੇ ਮਾਲ ਕਿੱਥੋਂ ਆਇਆ ਸੀ। ਥਾਣਾ-2 ਦੇ ਐੱਸ ਐੱਚ ਓ ਸੁਖਬੀਰ ਸਿੰਘ ਦਾ ਕਹਿਣਾ ਹੈ ਕਿ ਮਾਡਰਨ ਸਰਜੀਕਲ ਹਾਊਸ ਅਤੇ ਉਨ੍ਹਾਂ ਦਾ ਗੋਦਾਮ ਸੀਲ ਕੀਤਾ ਜਾ ਚੁੱਕਾ ਹੈ, ਪਰ ਅੰਦਰ ਰੱਖੇ ਸੈਨੀਟਾਈਜ਼ਰ ਅਤੇ ਮਾਸਕ ਦੀ ਜਲਦੀ ਹੀ ਸਿਹਤ ਵਿਭਾਗ ਗਿਣਤੀ ਕਰੇਗਾ। ਉਨ੍ਹਾਂ ਨੇ ਕਿਹਾ ਕਿ ਫਰਾਰ ਰਸ਼ਿਮ ਮਹਾਜਨ ਦੀ ਗ੍ਰਿਫਤਾਰੀ ਦੇ ਬਾਅਦ ਹੀ ਸਾਰਾ ਮਾਮਲਾ ਕਲੀਅਰ ਹੋਵੇਗਾ। ਵਰਨਣ ਯੋਗ ਹੈ ਕਿ ਪ੍ਰਸ਼ਾਸਨ ਨੂੰ ਸੂਚਨਾ ਮਿਲੀ ਸੀ ਕਿ ਪੁਰਾਣੀ ਸਬਜ਼ੀ ਮੰਡੀ ਦੇ ਨੇੜੇ ਜੇਲ੍ਹ ਰੋਡ ਸਥਿਤ ਮਾਡਰਨ ਸਰਜੀਕਲ ਹਾਊਸ ਦੇ ਮਾਲਕ ਰਸ਼ਿਮ ਮਹਾਜਨ ਵੱਡੇ ਪੱਧਰ 'ਤੇ ਸੈਨੀਟਾਈਜ਼ਰ ਅਤੇ ਮਾਸਕ ਦੀ ਕਾਲਾ ਬਾਜ਼ਾਰੀ ਕਰ ਰਿਹਾ ਹੈ। ਇਸ ਦੇ ਬਾਅਦ ਛਾਪਾ ਮਾਰ ਕੇ ਸ਼ਾਪ ਅਤੇ ਗੋਦਾਮ ਨੂੰ ਸੀਲ ਕਰ ਦਿੱਤਾ ਗਿਆ। ਟੀਮ ਨੇ ਮਹਾਜਨ ਦੇ ਨਿਊ ਵਿਜੇ ਨਗਰ ਸਥਿਤ ਘਰ ਉੱਤੇ ਛਾਪਾ ਮਾਰ ਕੇ ਉਥੋਂ 6050 ਮਾਸਕ, ਐੱਨ 95 ਮਾਸਕ 1340, 500 ਐੱਮ ਐੱਲ ਦੇ 189 ਅਤੇ 100 ਐਮ ਐਲ ਦੇ 49 ਸੈਨੀਟਾਈਜ਼ਰ ਬਰਾਮਦ ਕੀਤੇ ਸਨ। ਪੁਲਸ ਨੇ ਮਹਾਜਨ ਜੋੜੇ 'ਤੇ ਕੇਸ ਦਰਜ ਕੇ ਸੁਰਭੀ ਮਹਾਜਨ ਨੂੰ ਗ੍ਰਿਫਤਾਰ ਕਰ ਲਿਆ ਸੀ।

# ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਤੱਕ ਪਹੁੰਚ ਕਰਨ ਅਤੇ ਉਨ੍ਹਾਂ ਨੂੰ ਹੋਮ ਕੁਆਰਨਟਾਈਨ ਕਰਨ ਲਈ ਵਿਸ਼ੇਸ਼ ਸੈਕਟਰ ਅਫਸਰਾਂ ਦੀ ਤਾਇਨਾਤੀ

ਫਿਰੋਜਪੁਰ, 24 ਮਾਰਚ (ਪੋਸਟ ਬਿਊਰੋ): ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀ ਭਾਲ ਕਰਨ, ਉਨ੍ਹਾਂ ਨੂੰ ਹੋਮ ਕੁਆਰਨਟਾਈਨ ਕਰਨ ਅਤੇ ਕਰੋਨਾ ਵਾਇਰਸ ਵਾਲੇ ਲੱਛਣਾਂ ਵਾਲੇ ਮਰੀਜਾਂ ਦੀ ਸੂਚਨਾ ਸਿਹਤ ਵਿਭਾਗ ਤੱਕ ਪਹੁੰਚਾਉਣ ਦੀ ਮੁਹਿੰਮ ਨੂੰ ਤੇਜ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਭਰ ਵਿਚ ਵਿਸ਼ੇਸ਼ ਸੈਕਟਰ ਅਫਸਰਾਂ ਦੀ ਤੈਨਾਤੀ ਕੀਤੀ ਗਈ ਹੈ।

ਵਿਸਤ੍ਰਿਤ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਨੇ ਦੱਸਿਆ ਕਿ ਪੂਰੇ ਜ਼ਿਲ੍ਹੇ ਨੂੰ ਸੈਕਟਰਾਂ ਵਿੱਚ ਤਬਦੀਲ ਕੀਤਾ ਗਿਆ ਹੈ ਅਤੇ ਹਰੇਕ ਸੈਕਟਰ ਵਿੱਚ ਇੱਕ ਸੈਕਟਰ ਅਫਸਰ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖੇਤਰ ਦੇ ਪਟਵਾਰੀ ਅਤੇ ਕਾਨੂੰਗੋ ਦੇ ਮਾਲ ਸਟਾਫ ਨੂੰ ਇਨ੍ਹਾਂ ਸੈਕਟਰ ਅਫਸਰਾਂ ਦੀ ਸਹਾਇਤਾ ਲਈ ਉਨ੍ਹਾਂ ਨਾਲ ਜੋੜਿਆ ਗਿਆ ਹੈ। ਸਾਰੇ ਸੈਕਟਰ ਅਧਿਕਾਰੀਆਂ ਨੂੰ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀਆਂ ਸੂਚੀਆਂ ਸੌਂਪੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਖੁਦ ਹਰੇਕ ਵਿਅਕਤੀਆਂ ਤੱਕ ਪਹੁੰਚਣ ਕਰਨ ਲਈ ਕਿਹਾ ਗਿਆ ਹੈ।

ਸਾਰੇ ਸੈਕਟਰ ਅਧਿਕਾਰੀ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਤੱਕ ਪਹੁੰਚ ਕਰਨਗੇ, ਉਨ੍ਹਾਂ ਦੇ ਲੱਛਣਾਂ ਬਾਰੇ ਪੁੱਛਣਗੇ ਅਤੇ ਸਿਹਤ ਵਿਭਾਗ ਨੂੰ ਸੂਚਿਤ ਕਰਨਗੇ। ਇਸ ਤੋਂ ਇਲਾਵਾ ਹੋਮ ਕੁਆਰੰਟੀਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਖੇਤਰ ਦੇ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਬਣਾਇਆ ਜਾਵੇਗਾ।

ਉਨ੍ਹਾਂ ਸਮੂਹ ਲੋਕਾਂ ਨੂੰ ਸਰਕਾਰ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਅਪੀਲ ਕੀਤੀ ਕਿਉਂਕਿ ਇਹ ਕਰੋਨਾ ਵਾਇਰਸ ਨੂੰ ਕਾਬੂ ਕਰਨ ਲਈ ਇਹੀ ਸਭ ਤੋਂ ਉਚਿਤ ਕਦਮ ਹੈ।

# ਡੀ.ਸੀ. ਅਤੇ ਐੱਸ. ਐੱਸ. ਪੀ. ਦੀ ਅਗਵਾਈ ਹੇਠ ਪੁਲਿਸ ਵੱਲੋਂ ਫਲੈਗ ਮਾਰਚ

ਕਪੂਰਥਲਾ, 24 ਮਾਰਚ (ਪੋਸਟ ਬਿਉਰੋ): ਡਿਪਟੀ ਕਮਿਸ਼ਨਰ ਦੀਪਤੀ ਉੱਪਲ ਅਤੇ ਐਸ. ਐਸ. ਪੀ ਸਤਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਵੱਲੋਂ ਅੱਜ ਕਪੂਰਥਲਾ ਵਿਖੇ ਫਲੈਗ ਮਾਰਚ ਕੱਢਿਆ ਗਿਆ। ਇਸ ਦੌਰਾਨ ਨੋਵਲ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲੋਕਾਂ ਨੂੰ ਘਰਾਂ ਵਿਚ ਹੀ ਰਹਿਣ ਅਤੇ ਲੱਗੀਆਂ ਪਾਬੰਦੀਆਂ ਦੀ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਗਈ। ਮੈਡੀਕਲ ਸਟੋਰਾਂ ਵਾਲਿਆਂ ਨੂੰ ਵੀ ਸਟੋਰਾਂ 'ਤੇ ਭੀੜ ਇਕੱਠੀ ਨਾ ਕਰਨ ਦੀ ਹਦਾਇਤ ਕੀਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਨੂੰ ਇਕ-ਦੂਜੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਹ ਫਲੈਗ ਮਾਰਚ ਡੀ. ਸੀ ਚੌਕ ਤੋਂ ਸ਼ੁਰੂ ਹੋਇਆ ਅਤੇ ਸੁਲਤਾਨਪੁਰ ਬਾਈਪਾਸ ਤੋਂ ਹੁੰਦਾ ਹੋਇਆ ਰਮਣੀਕ ਚੌਕ, ਸਿਵਲ ਹਸਪਤਾਲ, ਕਚਹਿਰੀ ਚੌਕ, ਸਬਜ਼ੀ ਮੰਡੀ, ਸੱਤ ਨਾਰਾਇਣ ਬਾਜ਼ਾਰ, ਅੰਮ੍ਰਿਤਸਰ ਚੁੰਗੀ, ਕਾਂਜਲੀ ਰੋਡ ਹੁੰਦਾ ਹੋਇਆ ਵਾਪਸ ਡੀ. ਸੀ. ਚੌਕ ਜਾ ਕੇ ਸਮਾਪਤ ਹੋਇਆ।





# ਕੋਰੋਨਾ ਵਾਈਰਸ ਦੇ ਪ੍ਰਭਾਵ ਤੋ ਬਚਣ ਲਈ ਕਰਵਾਈਆਂ ਗਈਆਂ ਵੱਖ ਵੱਖ ਜਾਗਰੂਕਤਾ ਗਤੀਵਿਧੀਆਂ

ਮੋਗਾ, 24 ਮਾਰਚ (ਪੋਸਟ ਬਿਉਰੋ): ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋ ਕੋਰੋਨਾ ਵਾਈਰਸ ਦੇ ਖਿਲਾਫ ਛੇੜੀ ਗਈ ਜੰਗ ਤਹਿਤ ਜ਼ਿਲ੍ਹੇ ਵਿੱਚ ਵੱਖ ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋ ਨਿਹਾਲ ਸਿੰਘ ਵਾਲਾ ਦੇ ਵਾਰਡ ਨੰਬਰ 2, 3 ਅਤੇ ਪੰਜ ਵਿਖੇ ਕੋਰੋਨਾ ਵਾਈਰਸ ਤੋ ਬਚਾਅ ਲਈ ਦਵਾਈ ਦਾ ਛਿੜਕਾਅ ਕਰਵਾਇਆ ਗਿਆ। ਇਸ ਤੋ ਇਲਾਵਾ ਨਿਹਾਲ ਸਿੰਘ ਵਾਲਾ ਕਮਿਊਨਿਟੀ ਹੈਲਥ ਸੈਟਰ ਦੇ ਲੋਕਾਂ ਨੂੰ ਕੋਰੋਨਾ ਵਾਈਰਸ ਤੋ ਬਚਣ ਲਈ ਚੰਗੀ ਤਰ੍ਹਾਂ ਹੱਥ ਧੋਣ ਦੇ ਸਬੰਧੀ ਜਾਣਕਾਰੀ ਦਿੱਤੀ ਗਈ। ਲੋਕਾਂ ਨੂੰ ਇਹ ਵੀ ਦੱਸਿਆ ਕਿ ਉਹ ਆਪਸ ਕਿ ਸਾਰੇ ਕ੍ਰਮਚਾਰੀ ਘੱਟੋ ਘੱਟ ਇੱਕ ਇੱਕ ਮੀਟਰ ਦੀ ਦੂਰੀ ਤੇ ਰਹਿ ਕੇ ਕੰਮ ਕਰਨ ਨੂੰ ਯਕੀਨੀ ਬਣਾਉਣ। ਇਸ ਤੋ ਇਲਾਵਾ ਸਿਹਤ ਵਿਭਾਗ ਵੱਲੋ ਵਿਦੇਸ਼ਾਂ ਤੋ ਵਾਪਸ ਪਰਤੇ ਲੋਕਾਂ ਦੇ ਘਰ ਜਾ ਕੇ ਉਨ੍ਹਾਂ ਨੂੰ 15 ਦਿਨ ਇਕਾਂਤਵਾਸ ਵਿੱਚ ਰਹਿਣ ਲਈ ਵੀ ਪ੍ਰੇਰਿਆ ਗਿਆ।

"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre
Specializing In:
• Collision • Custom Painting
• Mechanical Service
• Frame & Unibody Repair
• Insurance Claims Welcome

Inderjit Singh

Daljit Singh
President

308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878

QUALITY USED CARS

STAFFORD TRUCK CENTRE
30 Stafford Dr., Brampton, Tel: 905-460-1414

HEAD OFFICE: 905-874-9878
Tol Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Toronto $179,000**
barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**
Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**
Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**
Photo Not Available
10635 Bramalea Rd J-4:Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**
Photo Not Available
5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**
Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**
Photo Not Available
284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000**
7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000**
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**
15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**
Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**
Warden And Steeles:Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਨਕਸਲੀਆਂ ਦੇ ਟਿਕਾਣਿਆਂ ਦੀ ਨਿਸ਼ਾਨਦੇਹੀ ਕਰਨ ਲਈ ਆਧੁਨਿਕ ਸਾਮਾਨ ਮਿਲਿਆ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ ਦੀਆਂ ਸੁਰੱਖਿਆ ਏਜੰਸੀਆਂ ਨਕਸਲੀਆਂ ਦੇ ਪੱਕੇ ਟਿਕਾਣਿਆਂ 'ਤੇ ਬਾਜ਼ ਅੱਖ ਰੱਖ ਸਕਣਗੀਆਂ, ਕਿਉਂਕਿ ਉਨ੍ਹਾਂ ਨੂੰ ਅਸਮਾਨ ਰਾਹੀਂ ਨਿਗਰਾਨੀ ਲਈ ਅਤਿ-ਆਧੁਨਿਕ ਸਾਮਾਨ ਮਿਲ ਗਿਆ ਹੈ, ਜਿਸ ਦੀ ਚਿਰਾਂ ਤੋਂ ਲੋੜ ਮਹਿਸੂਸ ਕੀਤੀ ਜਾ ਰਹੀ ਸੀ।

ਸੀ ਆਰ ਪੀ ਐਫ ਦੇ ਮੁਖੀ ਏ ਪੀ ਮਹੇਸ਼ਵਰੀ ਨੇ ਦੱਸਿਆ ਕਿ ਇਸ ਫੋਰਸ ਨੇ ਗ਼ੈਰ-ਮਨੁੱਖੀ ਸਾਜ਼ੋ-ਸਾਮਾਨ ਅਤੇ ਥਰਮਲ ਸਕੈਨਰ ਬਣਾਏ ਹਨ, ਜਿਨ੍ਹਾਂ ਦੀ ਵਰਤੋਂ ਸੀ ਆਰ ਪੀ ਐਫ ਵੱਲੋਂ ਵੱਖ-ਵੱਖ ਸੂਤਰਾਂ ਵੱਲੋਂ ਦਿੱਤੀਏ ਗਈ ਖ਼ੁਫ਼ੀਆ ਜਾਣਕਾਰੀ ਨਾਲ ਕੀਤੀ ਜਾ ਰਹੀ ਹੈ। ਸੀ ਆਰ ਪੀ ਐਫ ਦੇ ਡਾਇਰੈਕਟਰ ਜਨਰਲ ਨੇ ਦੱਸਿਆ ਕਿ ਸੀ ਆਰ ਪੀ ਐਫ, ਸੂਬਿਆਂ ਦੀ ਪੁਲਸ ਅਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਇਕੱਠਿਆਂ ਮਿਲ ਕੇ ਖੱਬੇ ਪੱਖੀ ਅਤਿਵਾਦ ਨਾਲ ਨਜਿੱਠਣ ਲਈ ਖਾਕਾ ਤਿਆਰ ਕੀਤਾ ਜਾ ਰਿਹਾ ਹੈ। ਮਹੇਸ਼ਵਰੀ ਨੇ ਦੱਸਿਆ, 'ਅਸਮਾਨ ਰਾਹੀਂ ਨਿਗਰਾਨੀ ਅਤੇ ਇਸ ਦੀ ਵਰਤੋਂ ਖ਼ੁਫ਼ੀਆ ਏਜੰਸੀਆਂ ਵੱਲੋਂ ਮਿਲੀ ਸੂਚਨਾ ਨਾਲ ਮਿਲਾ ਕੇ ਕਰਨਾ ਅਜਿਹੀ ਰਣਨੀਤੀ ਹੈ, ਜਿਸ ਦੀ ਵਰਤੋਂ ਅਸੀਂ ਪਿੱਛੇ ਜਿਹੇ ਕੀਤੀ ਤੇ ਅਸੀਂ ਛੱਤੀਸਗੜ੍ਹ ਵਿੱਚ ਨਕਸਲੀਆਂ ਦੇ ਟਿਕਾਣਿਆਂ ਦਾ ਪਤਾ ਲਾਉਣ ਵਿੱਚ ਸਫਲ ਹੋ ਸਕੇ।" ਉਨ੍ਹਾਂ ਦੱਸਿਆ ਕਿ ਸਾਨੂੰ ਚੰਗੇ ਨਤੀਜੇ ਮਿਲ ਰਹੇ ਹਨ। ਛੱਤੀਸਗੜ੍ਹ ਦੇ ਹਾਲ ਹੀ ਵਿੱਚ ਕੀਤੇ ਦੌਰੇ ਮੌਕੇ ਮਹੇਸ਼ਵਰੀ ਨੇ ਆਪਣੀਆਂ ਯੂਨਿਟਾਂ ਤੇ ਹੋਰ ਸਰੱਖਿਆ ਬਲਾਂ ਨੂੰ ਨਕਸਲੀਆਂ ਦੇ ਗੜ੍ਹਾਂ ਦਾ ਪਤਾ ਲਾਉਣ ਲਈ ਕਿਹਾ ਸੀ।

## ਕੋਰੋਨਾ ਦਾ ਲਾਭ ਉਠਾ ਕੇ ਜਾਅਲੀ ਮਾਲ ਵੇਚਣ ਵਾਲਿਆਂ ਉੱਤੇ ਡੰਡਾ ਚੱਲਿਆ

ਜਲੰਧਰ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਨਾਂਅ 'ਤੇ ਲੋਕਾਂ ਨੂੰ ਡਰਾ ਕੇ ਲਾਭ ਉਠਾਉਣ ਦੀ ਕੋਸ਼ਿਸ਼ ਕਰਦੇ ਕਾਲਾ ਬਾਜ਼ਾਰੀਆਂ ਅਤੇ ਮੁਨਾਫਾਖੋਰਾਂ 'ਤੇ ਲਗਾਮ ਕੱਸਣ ਲਈ ਪੁਲਸ ਨੇ ਕੱਲ੍ਹ ਦੁਕਾਨਾਂ ਵਿੱਚ ਛਾਪੇ ਮਾਰੇ, ਜਿਸ ਵਿੱਚ 1340 ਐੱਨ-95 ਮਾਸਕ, ਸੈਨੇਟਾਈਜਰ ਦੇ 238 ਅਤੇ 189 ਪੀਸ 500 ਐੱਮ ਐੱਲ 100 ਐੱਮ ਐੱਲ ਦੇ 49 ਅਤੇ ਦੋ ਪਲਾਈ ਮਾਸਕ ਦੇ 6050 ਟੁਕੜੇ ਫੜੇ, ਜੋ ਮਹਿੰਗੇ ਵੇਚਣ ਲਈ ਰੱਖੇ ਗਏ ਸਨ।

ਡਿਪਟੀ ਕਮਿਸ਼ਨਰ ਵਰਿੰਦਰ ਸ਼ਰਮਾ ਅਤੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਕੱਲ੍ਹ ਸਬ ਡਵੀਜ਼ਨਲ ਮੈਜਿਸਟਰੇਟ ਰਾਹੁਲ ਸਿੰਧੂ, ਡਾਕਟਰ ਜੈਇੰਦਰ ਸਿੰਘ ਅਤੇ ਸਹਾਇਕ ਕਮਿਸ਼ਨਰ ਦੀ ਸਾਂਝੀ ਟੀਮ ਨੇ ਗੁਪਤ ਸੂਚਨਾ ਉੱਤੇ ਜੇਲ੍ਹ ਰੋਡ ਨੇੜੇ ਮਾਡਲ ਮੈਡੀਕਲ ਸਟੋਰ 'ਤੇ ਛਾਪਾ ਮਾਰਿਆ ਤਾਂ ਓਥੇ ਬਿਨਾਂ ਬਿਲ ਦੇ ਕੁਝ ਚੀਜ਼ਾਂ ਮਿਲੀਆਂ, ਜਿਸ ਦੇ ਬਾਅਦ ਉਨ੍ਹਾਂ ਨੇ ਵਿਜੇ ਨਗਰ ਵਿੱਚ ਮਾਲਕ ਦੇ ਘਰ 'ਤੇ ਛਾਪਾ ਮਾਰਿਆ ਤਾਂ ਘਰ ਦੇ ਮੈਂਬਰਾਂ ਨੇ ਘਰ ਦਾ ਗੇਟ ਨਹੀਂ ਖੋਲ੍ਹਿਆ। ਇਸ ਦੇ ਬਾਅਦ ਟੀਮ ਨੂੰ ਪਬਲਿਕ ਐਡਰੈੱਸ ਸਿਸਟਮ ਰਾਹੀਂ ਜਨਤਕ ਐਲਾਨ ਕਰਨਾ ਪਿਆ ਅਤੇ ਕੁਝ ਫੋਰਸ ਬੁਲਾ ਕੇ ਜ਼ਬਰਦਸਤੀ ਗੇਟ ਖੁੱਲ੍ਹਵਾਉਣੇ ਪਏ। ਉਨ੍ਹਾਂ ਨੇ ਕਿਹਾ ਕਿ ਉਸ ਘਰ ਦੀ ਤਲਾਸ਼ੀ ਦੌਰਾਨ 1340 ਐੱਨ-95 ਮਾਸਕ, ਸੈਨੇਟਾਈਜ਼ਰ ਦੇ 238 ਅਤੇ 189 ਪੀਸ 500 ਐੱਮ ਐੱਲ, 100 ਐੱਮ ਐੱਲ ਦੇ 49 ਅਤੇ ਦੋ ਪੀ ਐੱਲ ਮਾਸਕ ਦੇ 6050 ਪੀਸ ਬਰਾਮਦ ਹੋਏ, ਜਿਸ ਬਾਰੇ ਅਗਲੀ ਜਾਂਚ ਚੱਲ ਰਹੀ ਹੈ ਅਤੇ ਆਉਂਦੇ ਦਿਨਾਂ ਵਿੱਚ ਕਾਰਵਾਈ ਕੀਤੀ ਜਾਏਗੀ। ਦੋਵਾਂ ਅਧਿਕਾਰੀਆਂ ਨੇ ਕਿਹਾ ਕਿ ਪ੍ਰਸ਼ਾਸਨ ਇਨ੍ਹਾਂ ਜ਼ਰੂਰੀ ਵਸਤੂਆਂ ਦੀ ਜਮ੍ਹਾਖੋਰੀ ਅਤੇ ਮੁਨਾਫਾਖੋਰੀ ਦੀ ਇਜਾਜ਼ਤ ਨਹੀਂ ਦੇਵੇਗਾ ਅਤੇ ਇਹ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ। ਉਨ੍ਹਾਂ ਨੇ ਦੱਸਿਆ ਕਿ ਮਾਡਰਨ ਮੈਡੀਕਲ ਸਟੋਰ ਦੇ ਮਾਲਕ ਰਸ਼ਿਮ ਮਹਾਜਨ ਅਤੇ ਸੁਰਭੀ ਮਹਾਜਨ ਦੇ ਖਿਲਾਫ ਜ਼ਰੂਰੀ ਵਸਤਾਂ ਬਾਰੇ ਐਕਟ ਦੀ ਧਾਰਾ ਸੱਤ ਅਤੇ 188 ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਕਾਰਵਾਈ ਦੌਰਾਨ ਜੇਲ੍ਹ ਰੋਡ 'ਤੇ ਸਥਿਤ ਅਲਫਾ ਮੈਡੀਕਲ ਸਟੋਰ ਦੀ ਵੀ ਸ਼ਿਕਾਇਤ ਆਈ ਸੀ, ਜੋ ਬੰਦ ਹੋਣ ਦੇ ਕਾਰਨ ਸੀਲ ਕਰ ਦਿੱਤਾ ਗਿਆ ਹੈ।

## ਕੋਰੋਨਾ ਦਾ ਅਸਰ: ਰਾਤ 12 ਵਜੇ ਅਨੰਦ ਕਾਰਜ, ਸਿਰਫ 10 ਬਰਾਤੀ ਸ਼ਾਮਲ

ਅਜਨਾਲਾ, 24 ਮਾਰਚ (ਪੋਸਟ ਬਿਊਰੋ)- ਨੇੜਲੇ ਪਿੰਡ ਸਰਾਂ ਦੇ ਇਕ ਜੱਟ ਸਿੱਖ ਪਰਿਵਾਰ ਨੇ ਆਪਣੇ ਲੜਕੇ ਦੇ ਵਿਆਹ ਦਾ 22 ਮਾਰਚ ਦਾ ਦਿਨ ਮਿਥਿਆ ਹੋਇਆ ਸੀ। ਇਸ ਪਰਵਾਰ ਨੂੰ ਓਦੋਂ ਚਿੰਤਾ ਲੱਗ ਗਈ, ਜਦੋਂ ਵਿਆਹ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਰੋਨਾ ਵਾਇਰਸ ਦੀ ਚੇਨ ਨੂੰ ਤੋੜਨ ਲਈ 14 ਘੰਟੇ ਦੇ 'ਜਨਤਾ ਕਰਫਿਊ' ਦਾ ਐਲਾਨ ਕਰ ਦਿੱਤਾ ਅਤੇ ਸਾਰੇ ਕੰਮ ਰੁਕ ਗਏ।

ਇਸ ਮੌਕੇ ਦੁਚਿੱਤੀ ਵਿੱਚ ਪਏ ਪਰਿਵਾਰ ਦੇ ਮੁਖੀ ਸਵਰਨ ਸਿੰਘ ਨੇ ਵਿਆਹ ਤੋਂ ਪਹਿਲਾਂ 21 ਮਾਰਚ ਦੀ ਰਾਤ ਫੈਸਲਾ ਲਿਆ ਕਿ ਉਹ ਤੜਕੇ 5 ਵਜੇ ਤੋਂ ਪਹਿਲਾਂ ਘਰ ਦੇ 5-7 ਮੈਂਬਰਾਂ ਨਾਲ ਇਕ ਗੱਡੀ ਵਿੱਚ ਜਾ ਕੇ ਲੜਕੀ ਪਰਿਵਾਰ ਵੱਲੋਂ ਮਿੱਥੇ ਵਿਆਹ ਫੇਰਿਆਂ ਵਾਲੇ ਸਥਾਨ ਉੱਤੇ ਆਪਣੇ ਲੜਕੇ ਅੰਮ੍ਰਿਤਪਾਲ ਸਿੰਘ ਦਾ ਗੁਰ-ਮਰਿਆਦਾ ਅਨੁਸਾਰ ਲੜਕੀ ਲਵਪ੍ਰੀਤ ਕੌਰ ਨਾਲ ਅਨੰਦ ਕਾਰਜ ਕਰ ਕੇ ਦਿਨ ਚੜ੍ਹਦੇ ਨੂੰ ਮੁੜ ਆਉਣਗੇ। ਲੜਕੀ ਪਰਿਵਾਰ ਦੀ ਸਮਾਜ ਵਿੱਚ ਇੱਜ਼ਤ ਰੱਖਣ ਲਈ ਉਹ ਸ਼ੋਰ-ਸ਼ਰਾਬੇ ਤੇ ਵੱਡੇ ਇਕੱਠ ਤੋਂ ਬਿਨਾਂ ਲੜਕੀ ਨੂੰ ਤਿੰਨ ਕੱਪੜਿਆਂ ਵਿੱਚ ਆਪਣੇ ਲੜਕੇ ਨਾਲ ਵਿਆਹ ਕੇ ਘਰ ਲੈ ਆਏ। ਵਿਆਹ ਵਾਲੇ ਮੁੰਡੇ ਨੇ ਕਿਹਾ ਕਿ ਦੇਸ਼ ਉੱਤੇ ਪਈ ਮੁਸੀਬਤ ਮੌਕੇ ਉਨ੍ਹਾਂ ਸਾਦਾ ਵਿਆਹ ਕਰ ਕੇ ਚੰਗੇ ਸਮਾਜ ਦਾ ਮਾਹੌਲ ਸਿਰਜਣ ਵਿੱਚ ਪਹਿਲ ਕੀਤੀ ਹੈ।

ਇਸੇ ਤਰ੍ਹਾਂ ਪ੍ਰਧਾਨ ਮੰਤਰੀ ਦੀ ਅਪੀਲ ਤੇ ਸੂਬਾ ਸਰਕਾਰ ਦੇ ਆਦੇਸ਼ਾਂ ਨੂੰ ਮੰਨ ਕੇ ਕਸਬਾ ਬੰਡਾਲਾ ਦੇ ਲਖਵਿੰਦਰ ਸਿੰਘ ਨੇ ਵੀ ਆਪਣੇ ਲੜਕੇ ਗੁਰਪ੍ਰੀਤ ਸਿੰਘ ਦਾ ਅੱਜ ਅੱਧੀ ਰਾਤ 12 ਵਜੇ ਅਨੰਦ ਕਾਰਜ ਕਰ ਦਿੱਤਾ, ਜਿਸ ਵਿਚ 10 ਬਰਾਤੀ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਸਾਡੇ ਵਿਆਹ ਪ੍ਰੋਗਰਾਮ ਦਾ ਮਜ਼ਾ ਕੋਰੋਨਾ ਵਾਇਰਸ ਕਰ ਕੇ ਕਿਰਕਰਾ ਹੋ ਗਿਆ ਹੈ, ਪਰ ਇਸ ਮਹਾਮਾਰੀ ਤੋਂ ਬਚਣ ਲਈ ਜੋ ਸਰਕਾਰ ਨੇ ਸਾਵਧਾਨੀਆਂ ਵਰਤਣ ਦੇ ਹੁਕਮ ਕੀਤੇ ਹਨ, ਉਨ੍ਹਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਵਾਇਰਸ ਦੇ ਡਰ ਕਾਰਣ ਬਰਾਤ ਵਿੱਚ ਬਹੁਤੇ ਲੋਕਾਂ ਦੇ ਇਕੱਠ ਨਾ ਕਰਨ ਲਈ ਸਿਰਫ 10 ਜਣਿਆਂ ਨੂੰ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਕੁਝ ਰਿਸ਼ਤੇਦਾਰ ਨਾਰਾਜ਼ ਹੋਏ ਕਿ ਬਰਾਤ ਵਿੱਚ ਸ਼ਾਮਲ ਨਹੀਂ ਕੀਤਾ ਗਿਆ, ਪਰ ਸਿਹਤ ਨੂੰ ਮੁੱਖ ਰੱਖਦਿਆਂ ਇਹ ਕਰਨਾ ਪਿਆ।

## ਕੈਨੇਡਾ ਤੋਂ ਆਏ ਭਰਾ ਸਮੇਤ ਲਾੜਾ ਬਰਾਤ ਲੈ ਕੇ ਪਿੰਡ ਤਾਰੇਵਾਲਾ ਜਾ ਪਹੁੰਚਿਆ

ਜਲਾਲਾਬਾਦ, 24 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਿਰਦੇਸ਼ਾਂ ਉੱਤੇ ਲੱਗੇ ਜਨਤਾ ਕਰਫਿਊ ਦਾ ਕੁਝ ਲੋਕਾਂ 'ਤੇ ਅਸਰ ਦਿਖਾਈ ਸੀ ਨਹੀਂ ਦੇ ਰਿਹਾ। ਨਤੀਜੇ ਵਜੋਂ ਕੱਲ੍ਹ ਜਲਾਲਾਬਾਦ ਦੇ ਪਿੰਡ ਤਾਰੇਵਾਲਾ 'ਚ ਗੁਰੂ ਹਰਸਹਾਏ ਹਲਕੇ ਨਾਲ ਸੰਬੰਧਤ ਪਿੰਡ ਹਾਜੀਬੇਟੂ ਤੋਂ ਬਰਾਤ ਲੈ ਕੇ ਆਪਣੇ ਕੈਨੇਡਾ ਤੋਂ ਆਏ ਭਰਾ ਸਮੇਤ ਲਾੜਾ ਪਹੁੰਚਿਆ ਤਾਂ ਉਸ ਪਿੰਡ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣ ਗਿਆ।

ਇਸ ਪਿੱਛੋਂ ਲੋਕਾਂ ਨੇ ਇਸ ਬਾਰੇ ਥਾਣਾ ਵੈਰੋਕੇ ਦੀ ਪੁਲਸ ਨੂੰ ਦੱਸਿਆ ਤਾਂ ਥਾਣਾ ਮੁਖੀ ਅੰਗਰੇਜ਼ ਕੁਮਾਰ ਨੇ ਓਥੇ ਜਾ ਕੇ ਐੱਨ ਆਰ ਆਈ ਦੀ ਜਾਂਚ ਕੀਤੀ। ਦੂਜੇ ਪਾਸੇ ਲਾੜੇ ਦੇ ਹਲਕੇ ਨਾਲ ਸੰਬੰਧਤ ਥਾਣਾ ਗੁਰੂ ਹਰਸਹਾਏ ਨੂੰ ਸੂਚਨਾ ਦਿੱਤੀ ਗਈ ਤਾਂ ਉਸ ਥਾਣੇ ਦੀ ਪੁਲਸ ਨੇ ਕੈਨੇਡੀਅਨ ਨਾਗਰਿਕ ਨੂੰ ਜਾਂਚ ਪੂਰੀ ਹੋਣ ਤੱਕ ਆਈਸੋਲੇਟ ਹੋ ਕੇ ਰਹਿਣ ਦੀ ਹਦਾਇਤ ਕਰ ਦਿੱਤੀ। ਇਹ ਨਹੀਂ ਬਰਾਤ ਵਿੱਚ ਸ਼ਾਮਲ ਲੋਕਾਂ ਨੂੰ ਵੀ ਸਖਤ ਹਦਾਇਤ ਕੀਤੀ ਗਈ ਕਿ ਅਜਿਹਾ ਇਕੱਠ ਨਾ ਕੀਤਾ ਜਾਵੇ, ਜੋ ਕਾਨੂੰਨ ਦੀ ਉਲੰਘਣਾ ਕਰਦਾ ਹੋਵੇ।

### * ਆਸਟਰੇਲੀਆ ਤੋਂ ਆਏ ਚਾਰ ਪਰਵਾਸੀ ਘੁੰਮਦੇ ਕਾਬੂ

ਦੂਸਰੇ ਪਾਸੇ ਲੁਧਿਆਣਾ ਜ਼ਿਲੇ ਵਿੱਚ ਪਿੰਡ ਜਰਗ ਕੋਲ ਡਾਕਟਰ ਸ਼ਿੰਗਾਰਾ ਸਿੰਘ, ਹੈਲਥ ਇੰਸਪੈਕਟਰ ਅਮਰੀਕ ਸਿੰਘ ਰੌਣੀ, ਨਰਿੰਦਰ ਸਿੰਘ (ਏ ਐੱਫ ਐੱਸ ਡੀ ਵੱਲੋਂ ਲਾਏ ਨਾਕੇ ਦੌਰਾਨ ਇੱਕ ਕਾਰ 'ਤੇ ਸਵਾਰ ਰਵਿੰ-ਦਰ ਕੌਰ ਪਤਨੀ ਮੱਖਣ ਸਿੰਘ, ਮੱਖਣ ਸਿੰਘ, ਹਰਪ੍ਰੀਤ ਸਿੰਘ ਤੇ ਨਿਸ਼ਾਨ ਸਿੰਘ ਆਸਟਰੇਲੀਆ ਨੂੰ ਘੇਰ ਲਿਆ ਗਿਆ, ਜਿਹੜੇ 21 ਮਾਰਚ ਨੂੰ ਦਿੱਲੀ ਹਵਾਈ ਅੱਡੇ 'ਤੇ ਪੁੱਜੇ ਅਤੇ ਕੁਝ ਰੁਕਣ ਪਿੱਛੋਂ ਆਪਣੇ ਪਿੰਡ ਬਧੇਸਾਂ (ਮਾਲੇਰਕੋਟਲਾ) ਜਾ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਏਅਰਪੋਰਟ 'ਤੇ ਡਾਕਟਰੀ ਜਾਂਚ ਪਿੱਛੋਂ ਉਨ੍ਹਾਂ ਨੂੰ 14 ਦਿਨ ਲਈ ਆਈਸੋਲੇਸ਼ਨ ਵਿੱਚ ਰਹਿਣ ਲਈ ਕਿਹਾ ਗਿਆ ਹੈ ਅਤੇ ਉਨ੍ਹਾਂ ਦੇ ਹੱਥਾਂ ਉਪਰ ਡਾਕਟਰੀ ਜਾਂਚ ਦੀਆਂ ਸਟੈਂਪਾਂ ਵੀ ਲਾਈਆਂ ਸਨ। ਇਸ ਦੇ ਬਾਵਜੂਦ ਹੁਕਮਾਂ ਨੂੰ ਅਣਗੌਲੇ ਕਰ ਕੇ ਦਿੱਲੀ ਤੋਂ ਇੰਨੀ ਸਖਤੀ ਦੇ ਬਾਵਜੂਦ ਪਿੰਡ ਜਰਗ ਤੱਕ ਪੁੱਜ ਗਏ ਅਤੇ ਕਿਸੇ ਅਧਿਕਾਰੀ ਨੇ ਇਨ੍ਹਾਂ ਨੂੰ ਰਸਤੇ 'ਚ ਨਹੀਂ ਰੋਕਿਆ। ਸਿਹਤ ਵਿਭਾਗ ਦੇ ਅਧਿਕਾਰੀਆਂ ਪੁੱਛ ਪੜਤਾਲ ਉਪਰੰਤ ਤਾੜਨਾ ਕਰ ਕੇ ਘਰ ਭੇਜ ਦਿੱਤਾ।


## ਪਿੰਡ ਭਾਗੀਕੇ ਵਿਖੇ ਵੱਧ ਇਕੱਠ ਕਾਰਨ ਮੈਰਿਜ ਪੈਲੇਸ ਦੇ ਮੈਨੇਜਰ ਵਿਰੁੱਧ ਕੇਸ ਦਰਜ

ਨਿਹਾਲ ਸਿੰਘ ਵਾਲਾ, 24 ਮਾਰਚ (ਪੋਸਟ ਬਿਊਰੋ)- ਨੋਵਿਲ ਕੋਰੋਨਾ ਵਾਇਰਸ ਦੇ ਕਹਿਰ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਉਲੰਘਣਾ ਕਰਨ ਉੱਤੇ ਪਿੰਡ ਭਾਗੀਕੇ ਵਿਖੇ ਇੱਕ ਮੈਰਿਜ ਪੈਲੇਸ ਦੇ ਮੈਨੇਜਰ ਦੇ ਖਿਲਾਫ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ।

ਕੱਲ੍ਹ ਸਵੇਰੇ ਡੀ ਐੱਸ ਪੀ ਮਨਜੀਤ ਸਿੰਘ ਨੇ ਨਿਹਾਲ ਸਿੰਘ ਵਾਲਾ ਦੇ ਵਿਕਰਾਜ ਪੈਲੇਸ ਵਿੱਚ ਨਿਹਾਲ ਸਿੰਘ ਵਾਲਾ ਅਤੇ ਬੱਧਨੀ ਕਲਾਂ ਦੇ ਮੈਰਿਜ ਪੈਲੇਸਾਂ ਵਾਲਿਆਂ ਨਾਲ ਮੀਟਿੰਗ ਕੀਤੀ ਸੀ ਕਿ ਅਗਲੇ ਹੁਕਮਾਂ ਤੱਕ ਪੈਲੇਸਾਂ ਅੰਦਰ ਕੋਈ ਵੀ ਪ੍ਰੋਗਰਾਮ ਨਾ ਕੀਤਾ ਜਾਵੇ, ਪਰ ਰੈਵਲ ਸਪੇਸ ਭਾਗੀਕੇ ਦੇ ਮੈਨੇਜਰ ਜੁਗਰਾਜ ਸਿੰਘ ਨੇ ਹਦਾਇਤਾਂ ਨੂੰ ਅਣਗੌਲਿਆਂ ਕੀਤਾ ਅਤੇ ਮੀਟਿੰਗ ਤੋਂ ਕੁਝ ਘੰਟਿਆਂ ਵਿੱਚ ਪੁਲਸ ਦੇ ਰੋਕਣ ਦੇ ਬਾਵਜੂਦ ਪ੍ਰੋਗਰਾਮ ਸ਼ੁਰੂ ਕਰਵਾ ਦਿੱਤਾ। ਇਸ 'ਤੇ ਕਾਰਵਾਈ ਕਰਦੇ ਹੋਏ ਡੀ ਐਸ ਪੀ ਮਨਜੀਤ ਸਿੰਘ ਢੇਸੀ ਨੇ ਪੈਲੇਸ ਦੇ ਮੈਨੇਜਰ ਜੁਗਰਾਜ ਸਿੰਘ ਵਾਸੀ ਰੌਂਤਾ ਉੱਤੇ ਧਾਰਾ ਮਾਮਲਾ ਦਰਜ ਕੀਤਾ ਹੈ। ਇਸ ਬਾਰੇ ਡੀ ਐੱਸ ਪੀ ਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ ਕੋਰੋਨਾ ਵਾਇਰਸ ਦੇ ਵਿਸ਼ਵ ਵਿਆਪੀ ਖਤਰੇ ਨੂੰ ਵੇਖ ਕੇ ਸਰਕਾਰ ਨੇ 20 ਤੋਂ ਵੱਧ ਇਕੱਠ ਕਰਨ 'ਤੇ ਪਾਬੰਦੀ ਲਾਈ ਹੈ, ਪਰੰਤੂ ਉਕਤ ਪੈਲੇਸ ਸੰਚਾਲਕ ਵੱਲੋਂ ਹੁਕਮਾਂ ਦੀ ਅਣਦੇਖੀ ਕੀਤੀ ਜਾ ਰਹੀ ਸੀ ਜਿਸ ਕਾਰਨ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ



ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA


CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants

Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਕੋਰੋਨਾ-ਵਾਇਰਸ ਨਾਲ ਲੜਾਈ ਵਿੱਚ ਸਿਆਸੀ ਲੋਭ ਕਿਉਂ?

ਕੁੱਝ ਦਿਨ ਪਹਿਲਾਂ ਪੰਜਾਬੀ ਪੋਸਟ ਵਿੱਚ ਇੱਕ ਐਡੀਟੋਰੀਅਲ ਦਾ ਸਿਰਲੇਖ ਸੀ, 'ਜੇ ਟਰੂਡੋ ਵੱਲੋਂ ਐਮਰਜੰਸੀ ਲਾਈ ਜਾਂਦੀ ਹੈ ਤਾਂ..'ਇਸ ਐਡੀਟੋਰੀਅਲ ਵਿੱਚ ਆਖਿਆ ਗਿਆ ਸੀ ਕਿ 'ਐਮਰਜੰਸੀ ਲੱਗੇਗੀ ਜਾਂ ਨਹੀਂ ਪਰ ਕੋਰੋਨਾ ਵਾਇਰਸ ਨੇ ਟਰੂਡੋ ਹੋਰਾਂ ਦੀ ਘੱਟ ਗਿਣਤੀ ਸਰਕਾਰ ਨੂੰ ਅਜਿਹੀਆਂ ਪ੍ਰਸਥਿਤੀਆਂ ਬਖਸ਼ ਦਿੱਤੀਆਂ ਹਨ ਕਿ ਵਿਰੋਧੀ ਧਿਰਾਂ ਇੱਕ ਸ਼ਬਦ ਤੱਕ ਬੋਲਣ ਦਾ ਹੀਆ ਨਹੀਂ ਕਰ ਸਕਦੀਆਂ'। ਇਮਾਨਦਾਰੀ ਨਾਲ ਕਬੂਲ ਕਰਨਾ ਪਵੇਗਾ ਕਿ ਸਾਡਾ ਉਪਰੋਕਤ ਵਿਸ਼ੇਲੇਸ਼ਣ 50% ਹੀ ਸਹੀ ਨਿਕਲਿਆ। ਸਾਡੇ ਵਿਸ਼ਲੇਸ਼ਣ ਨੂੰ 50% ਗਲਤ ਸਿੱਧ ਕਰਨ ਦਾ ਸਿਹਰਾ ਵਿਰੋਧੀ ਧਿਰਾਂ ਨੂੰ ਜਾਂਦਾ ਹੈ ਨਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ।

ਕੱਲ ਦੁਪਹਿਰ ਹਾਊਸ ਆਫ ਕਾਮਨਜ਼ ਦੀ ਇੱਕ ਵਿਸ਼ੇਸ਼ ਬੈਠਕ ਆਰੰਭ ਹੋਣ ਤੋਂ ਚੰਦ ਮਿੰਟਾਂ ਬਾਅਦ ਹੀ ਬਰਖਾਸਤ ਕਰ ਦਿੱਤੀ ਗਈ ਕਿਉਂਕਿ ਵਿਰੋਧੀ ਧਿਰਾਂ ਟਰੂਡੋ ਫੈਡਰਲ ਸਰਕਾਰ ਨੂੰ ਅਜਿਹੀਆਂ ਤਾਕਤਾਂ ਦੇਣ ਤੋਂ ਇਨਕਾਰੀ ਹੋ ਗਈਆਂ ਜਿਹਨਾਂ ਨਾਲ ਪਾਰਲੀਮਾਨੀ ਨਿਗਰਾਨੀ (parliamentary oversight) ਦਾ ਲਗਭੱਗ ਅਗਲੇ ਦੋ ਸਾਲ ਲਈ ਭੋਗ ਪੈ ਜਾਣਾ ਸੀ। ਕੱਲ ਸ਼ਾਮ ਵੇਲੇ ਹੱਥਲਾ ਆਰਟੀਕਲ ਲਿਖੇ ਜਾਣ ਤੱਕ ਹਾਊਸ ਆਫ ਕਾਮਨਜ਼ ਦੀ ਵਿਸ਼ੇਸ਼ ਬੈਠਕ ਦਾ ਹਾਲੇ ਰਸਮੀ ਆਰੰਭ ਵੀ ਨਹੀਂ ਸੀ ਹੋ ਸਕਿਆ। ਇਹ ਉਹ ਵਿਸ਼ੇਸ਼ ਬੈਠਕ ਸੀ ਜਿਸ ਬਾਰੇ ਲਿਬਰਲਾਂ ਦਾ ਖਿਆਲ ਸੀ ਕਿ ਬੱਸ ਚੰਦ ਕੁ ਮਿੰਟਾਂ ਦੀ ਰਸਮ ਹੋਵੇਗੀ। ਹੋਇਆ ਇਹ ਕਿ ਪਰਸੋਂ ਸਰਕਾਰ ਵੱਲੋਂ ਪ੍ਰਸਾਤਾਵਿਤ ਐਕਟ ਦਾ ਡਰਾਫਟ ਵਿਰੋਧੀ ਧਿਰਾਂ ਨਾਲ ਸਾਂਝਾ ਕੀਤਾ ਗਿਆ ਜਿਸ ਦੀਆਂ ਕੁੱਝ ਮੱਦਾਂ ਨੂੰ ਪੜ ਕੇ ਸਰਕਾਰੀ ਧਿਰ ਨੂੰ ਛੱਡ ਕੇ ਸਮੂਹ ਵਿਰੋਧੀ ਧਿਰਾਂ ਕੰਜ਼ਰਵੇਟਿਵ, ਐਨ ਡੀ ਪੀ, ਬਲਾਕ ਕਿਉਬਿਕੋਆ ਵਿੱਚ ਤਰੱਥਲੀ ਮੱਚ ਗਈ। ਪ੍ਰਸਤਾਵਿਤ ਐਕਟ ਵਿੱਚ ਦਰਜ਼ ਕੀਤਾ ਗਿਆ ਸੀ ਕਿ ਫੈਡਰਲ ਸਰਕਾਰ ਦਾ ਕੋਈ ਵੀ ਮੰਤਰੀ ਦਸੰਬਰ 2021 ਤੱਕ ਜਿੰਨਾ ਮਰਜੀ ਚਾਹੇ ਅਤੇ ਜਿਵੇਂ ਮਰਜ਼ੀ ਚਾਹੇ ਧਨ ਖਰਚ ਕਰ ਸਕਦਾ ਹੈ। ਅਜਿਹਾ ਕਰਨ ਲਈ ਉਸ ਮੰਤਰੀ ਨੂੰ ਸਿਰਫ਼ ਵਿੱਤ ਮੰਤਰੀ ਦੱਸਣ ਦੀ ਲੋੜ ਹੋਣੀ ਸੀ, ਭਾਵ ਅੰਨ੍ਹਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ..

ਸਰਕਾਰ ਵੱਲੋਂ ਵਿਰੋਧੀ ਧਿਰਾਂ ਨਾਲ ਸਾਂਝਾ ਕੀਤੇ ਗਏ ਪ੍ਰਸਤਾਵਿਤ ਐਕਟ ਦਾ ਡਰਾਫਟ ਜਿਵੇਂ ਕਿਵੇਂ ਮੀਡੀਆ ਵਿੱਚ ਰੀਲੀਜ਼ ਹੋ ਗਿਆ ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਟਵੀਟ ਕਰਕੇ ਮੰਨਣਾ ਪਿਆ ਕਿ ਇਸ ਮੱਦ ਨੂੰ ਹਟਾਇਆ ਜਾ ਰਿਹਾ ਹੈ। ਵਿਰੋਧੀ ਧਿਰਾਂ ਦੇ ਆਗੂ ਐਂਡਰੀਊ ਸ਼ੀਅ ਅਤੇ ਜਗਮੀਤ ਸਿੰਘ ਨੇ ਇੱਕ ਆਵਾਜ਼ ਵਿੱਚ ਆਖਿਆ ਕਿ ਉਹ ਸਰਕਾਰ ਨੂੰ 'ਬਲੈਂਕ ਚੈੱਕ' ਉੱਤੇ ਦਸਤਖਤ ਦੇਣ ਦੇ ਹੱਕ ਵਿੱਚ ਨਹੀਂ ਹਨ। ਹਾਲੇ ਤੱਕ ਕਿਸੇ ਨੂੰ ਇਹ ਸਮਝ ਨਹੀਂ ਪਈ ਕਿ ਮਾਰਚ 2020 ਤੋਂ ਲੈ ਕੇ ਦਸੰਬਰ 2021 ਤੱਕ ਦੇ 21 ਮਹੀਨੇ ਦੇ ਸਮੇਂ ਲਈ ਅਨਮਿਣਤ ਤਾਕਤਾਂ ਹਾਸਲ ਕਰਨ ਪਿੱਛੇ ਸਰਕਾਰ ਦਾ ਕੀ ਇਰਾਦਾ ਸੀ? ਕੀ ਉਹ ਸਮਝਦੇ ਹਨ ਕਿ ਕੋਰੋਨਾ ਵਾਇਰਸ ਬਲਾਅ 21 ਮਹੀਨੇ ਤੱਕ ਜਾਰੀ ਰਹੇਗੀ ਜਾਂ ਫੇਰ ਘੱਟ ਗਿਣਤੀ ਸਰਕਾਰ ਇਸ ਅਪਾਤਕਾਲੀਨ ਸਥਿਤੀ ਨੂੰ ਤਾਨਾਸ਼ਾਹੀ ਢੰਗ ਤਰੀਕੇ ਅਪਨਾਉਣ ਲਈ ਵਰਤਣ ਦੀ ਕੋਸ਼ਿਸ਼ ਵਿੱਚ ਸੀ?

ਇਸ ਵੇਲੇ ਕੋਰੋਨਾ ਵਾਇਰਸ ਕਾਰਣ ਹਾਲਾਤ ਅਜਿਹੇ ਬਣੇ ਹੋਏ ਹਨ ਕਿ ਵਿਰੋਧੀ ਧਿਰਾਂ ਦੀ ਸਥਿਤੀ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ। ਜੇ ਉਹ ਸਰਕਾਰ ਨੂੰ ਸੁਆਲ ਕਰਦੇ ਹਨ ਤਾਂ ਇੰਝ ਜਾਪੇਗਾ ਜਿਵੇਂ ਉਹ ਕੌਮੀ ਸੰਕਟ ਦੌਰਾਨ ਸੌੜੀ ਸਿਆਸਤ ਖੇਡ ਰਹੇ ਹਨ ਅਤੇ ਜੇ ਐਕਟ ਉੱਤੇ ਦਸਤਖਤ ਕਰਕੇ ਚੁੱਪ ਚਾਪ ਘਰ ਪਰਤ ਆਉਣ ਤਾਂ ਸੰਭਵ ਹੈ ਕਿ ਸੱਤਾ ਦੀ ਦੁਰਵਰਤੋਂ ਦਾ ਇੱਕ ਖੌਫਨਾਕ ਦੌਰ ਆਰੰਭ ਹੋ ਜਾਵੇ। ਇੱਕ ਅਜਿਹਾ ਦੌਰ ਜਿਸਦੇ ਦੂਰਰਸ ਸਿੱਟੇ ਘਾਤਕ ਸਾਬਤ ਹੋ ਸਕਦੇ ਹਨ।

ਇਸ ਵਕਤ ਸਮੁੱਚਾ ਦੇਸ਼ ਇੱਕ ਅਜਿਹੇ ਜੋਖ਼ਮ ਨਾਲ ਨਿਪਟਣ ਦੀ ਕੋਸ਼ਿਸ਼ ਵਿੱਚ ਹੈ ਜਿਸ ਵਿੱਚ ਅਸਫ਼ਲ ਹੋਣ ਦੀ ਸਥਿਤੀ ਵਿੱਚ ਕੈਨੇਡੀਅਨ ਕਿਸੇ ਨੂੰ ਮੁਆਫ਼ ਨਹੀਂ ਕਰਨਗੇ, ਬੇਸ਼ੱਕ ਉਹ ਕੰਜ਼ਰਵੇਟਿਵ ਹੋਣ, ਲਿਬਰਲ ਜਾਂ ਐਨ ਡੀ ਪੀ। ਸਿਆਸਤਦਾਨਾਂ ਨੂੰ ਇਸ ਕੌੜੇ ਸੱਚ ਦਾ ਇਮਾਨਦਾਰੀ ਨਾਲ ਸਾਹਮਣਾ ਕਰਨ ਦੀ ਲੋੜ ਹੈ। ਜਦੋਂ ਪਰਿਵਾਰਾਂ ਵਿੱਚ ਮੱਤਭੇਦ ਹੁੰਦੇ ਹਨ ਤਾਂ ਲਾਣੇਦਾਰ ਦਾ ਫਰਜ਼ ਹੁੰਦਾ ਹੈ ਕਿ ਉਹ ਟੱਬਰ ਦੇ ਸਾਰੇ ਜੀਆਂ ਨਾਲ ਬੈਠ ਕੇ ਗੱਲ ਕਰੇ। ਆਮ ਕਰਕੇ ਪਰਿਵਾਰਕ ਜੀਅ ਲਾਣੇਦਾਰ ਤੋਂ ਐਨੇ ਤੰਗ ਨਹੀਂ ਹੁੰਦੇ ਸਗੋਂ ਲਾਣੇਦਾਰ ਦੀ ਕਿਸੇ ਦੀ ਵੀ ਗੱਲ ਨਾ ਸੁਣਨ ਦੀ ਬਿਰਤੀ ਤੋਂ ਅੱਕੇ ਹੁੰਦੇ ਹਨ। ਕੱਲ ਕੈਨੇਡਾ ਵਿੱਚ 701 ਨਵੇਂ ਕੇਸ ਸਾਹਮਣੇ ਆ ਚੁੱਕੇ ਸਨ ਜਿਹਨਾਂ ਨਾਲ ਕੋਰੋਨਾ ਕੇਸਾਂ ਦੀ ਗਿਣਤੀ 2792 ਹੋ ਗਈ ਸੀ। ਉਮੀਦ ਹੈ ਕਿ ਜਦੋਂ ਤੱਕ ਇਹ ਐਡੀਟੋਰੀਅਲ ਪਾਠਕਾਂ ਦੇ ਹੱਥਾਂ ਵਿੱਚ ਪੁੱਜੇਗਾ ਤਾਂ ਸਿਆਸਤਦਾਨ ਨਿੱਤ ਦਿਨ ਵਿਕਰਾਲ ਰੂਪ ਧਰਨ ਕਰਦੀ ਜਾ ਰਹੀ ਬਲਾ ਨਾਲ ਲੜਨ ਵਾਸਤੇ ਕੋਈ ਸਾਰਥਕ ਫੈਸਲਾ ਲੈ ਚੁੱਕੇ ਹੋਣਗੇ।

# ਭਾਰਤ 'ਚ 21 ਦਿਨ ਲੰਬਾ ਲਾਕਡਾਊਨ ਲਾਗੂ

...ਪੰਨਾ 1 ਦਾ ਬਾਕੀ

ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਝ ਲੋਕਾਂ ਵਿੱਚ ਗਲਤ ਫਹਿਮੀ ਹੈ ਕਿ ਸੋਸ਼ਲ ਡਿਸਟੈਂਸਿੰਗ ਕੇਵਲ ਬਿਮਾਰ ਲੋਕਾਂ ਲਈ ਜ਼ਰੂਰੀ ਹੈ, ਅਸਲ ਵਿੱਚ ਇਹ ਹਰ ਨਾਗਰਿਕ ਤੇ ਹਰ ਪਰਿਵਾਰ ਦੇ ਹਰ ਮੈਂਬਰ ਲਈ ਜ਼ਰੂਰੀ ਹੈ। ਕੋਰੋਨਾ ਤੋਂ ਬਚਣ ਦਾ ਇਸ ਤੋਂ ਇਲਾਵਾ ਕੋਈ ਰਸਤਾ ਨਹੀਂ। ਉਨ੍ਹਾਂ ਕਿਹਾ ਕਿ ਇਨ੍ਹਾਂ ਬਾਰੇ ਮਾਹਰ ਵੀ ਇਹੋ ਕਹਿ ਰਹੇ ਹਨ ਕਿ ਕੋਰੋਨਾ ਨਾਲ ਮੁਕਾਬਲੇ ਲਈ ਇਕਮਾਤਰ ਬਦਲ ਸੋਸ਼ਲ ਡਿਸਟੈਂਸਿੰਗ ਹੀ ਹੈ।

ਇਸ ਦੌਰਾਨ ਮਹਾਰਾਸ਼ਟਰ ਵਿੱਚ ਮਰੀਜ਼ਾਂ ਦੀ ਗਿਣਤੀ ਅੱਜ 106 ਹੋ ਗਈ ਹੈ। ਪੁਣੇ ਵਿੱਚ ਤਿੰਨ ਨਵੇਂ ਕੇਸ ਕੇਸ ਪਤਾ ਲੱਗੇ ਤੇ ਸਿਤਾਰਾ ਵਿੱਚ ਇਕ ਕੇਸ ਦੀ ਪੁਸ਼ਟੀ ਹੋਈ ਹੈ। ਇਸ ਦੇ ਨਾਲ ਹੀ ਕੇਰਲਾ ਵਿੱਚ ਵੀ ਪ੍ਰਭਾਵਤ ਮਰੀਜ਼ਾ ਦੀ ਗਿਣਤੀ ਇੱਕ ਸੌ ਨੂੰ ਪਹੁੰਚ ਗਈ ਹੈ। ਗੁਜਰਾਤ, ਤੇਲੰਗਾਨਾ ਅਤੇ ਰਾਜਸਥਾਨ ਦੇ ਕੇਸਾਂ ਦੀ ਗਿਣਤੀ ਚਾਲੀ ਦੇ ਨੇੜੇ ਪਹੁੰਚ ਗਈ ਹੈ। ਸਾਰੇ ਭਾਰਤ ਵਿੱਚ ਇਸ ਵਕਤ ਤੱਕ ਕੋਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ 536 ਹੋ ਗਈ ਅਤੇ ਮੰਗਲਵਾਰ ਦੀ ਰਾਤ ਤੱਕ ਇਸ ਬਿਮਾਰੀ ਨਾਲ ਮੌਤਾਂ ਦੀ ਗਿਣਤੀ 10 ਦੱਸੀ ਗਈ ਹੈ।

ਪਾਕਿਸਤਾਨ ਵਿੱਚ ਇਹ ਬਿਮਾਰੀ ਦੇਰੀ ਨਾਲ ਪਹੁੰਚੀ, ਪਰ ਬੜੀ ਤੇਜ਼ੀ ਨਾਲ ਵਧੀ ਹੈ। ਓਥੇ ਇਸ ਰੋਗ ਦੇ ਮਰੀਜ਼ਾਂ ਦੀ ਗਿਣਤੀ ਮੰਗਲਵਾਰ ਸ਼ਾਮ ਤੱਕ 972 ਹੋ ਚੁੱਕ ਸੀ ਅਤੇ 7 ਮੌਤਾਂ ਹੋ ਚੁੱਕੀਆਂ ਸਨ।

# ਸੋਸ਼ਲ ਸਰਵਿਸਿਜ਼ ਉੱਤੇ 200 ਮਿਲੀਅਨ ਡਾਲਰ ਖਰਚੇਗੀ ਓਨਟਾਰੀਓ ਸਰਕਾਰ

...ਪੰਨਾ 1 ਦਾ ਬਾਕੀ

ਇਸ ਰਕਮ ਦਾ ਬਹੁਤਾ ਹਿੱਸਾ ਇਨ੍ਹਾਂ ਮਿਊਂਸਪੈਲਿਟੀਜ਼ ਨੂੰ ਜਾਵੇਗਾ। ਇਸ ਨਾਲ ਮਿਊਂਸਪੈਲਿਟੀਜ਼ ਬੇਘਰੇ ਲੋਕਾਂ,ਫੂਡ ਬੈਂਕਸ ਤੇ ਲੋਕਲ ਰੈਡ ਕਰਾਸ ਨੂੰ ਸਿੱਧੀ ਮਾਲੀ ਮਦਦ ਦੇ ਸਕਣਗੀਆਂ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਕੁਈਨਜ਼ ਪਾਰਕ ਵਿੱਚ ਕੀਤੀ ਗਈ ਨਿਊਜ਼ ਕਾਨਫਰੰਸ ਤੋਂ ਪਹਿਲਾਂ ਹੀ ਫੰਡਿੰਗ ਸਬੰਧੀ ਇਹ ਐਲਾਨ ਆਇਆ। ਇਸ ਸਮੇਂ ਸੋਸ਼ਲ ਸਰਵਿਸਿਜ਼ ਮੰਤਰੀ ਟੌਡ ਸਮਿਥ ਤੇ ਵਿੱਤ ਮੰਤਰੀ ਰੌਡ ਫਿਲਿਪਜ਼ ਵੀ ਉੱਥੇ ਹੀ ਮੌਜੂਦ ਸਨ। ਫੋਰਡ ਨੇ ਆਖਿਆ ਕਿ ਸਾਡੀ ਸਰਕਾਰ ਹੈਲਥ ਤੇ ਸਮੁੱਚੇ ਓਨਟਾਰੀਓ ਵਾਸੀਆਂ ਦੀ ਸੇਫਟੀ ਲਈ ਕੋਈ ਵੀ ਵਾਹ ਲਾਉਣ ਤੋਂ ਪਿੱਛੇ ਨਹੀਂ ਹਟੇਗੀ।

ਇੱਕ ਪਾਸੇ ਜਿੱਥੇ ਪ੍ਰੋਵਿੰਸ ਭਰ ਦੀਆਂ ਕੰਪਨੀਆਂ ਇਸ ਮਹਾਮਾਰੀ ਵਿੱਚ ਆਪਣੇ ਦਰਵਾਜ਼ੇ ਬੰਦ ਕਰ ਰਹੀਆਂ ਹਨ ਤੇ ਆਰਜ਼ੀ ਤੌਰ ਉੱਤੇ ਆਪਣੇ ਅਮਲੇ ਦੀ ਛਾਂਗੀ ਕਰ ਰਹੀਆਂ ਹਨ ਉੱਥੇ ਹੀ ਚੈਰਿਟੀਜ਼ ਤੇ ਸੋਸ਼ਲ ਅਸਿਸਟੈਂਸ ਉੱਤੇ ਨਿਰਭਰਤਾ ਵਧਣ ਦੀ ਸੰਭਾਵਨਾ ਹੈ।

# ਕਰੋਨਾਵਾਇਰਸ ਦੇ ਡਰ ਤੋਂ ਨੌਰਥ ਅਮਰੀਕਾ ਵਿੱਚ ਆਪਣੇ ਆਟੋ ਪਲਾਂਟ ਬੰਦ ਕਰਨਗੀਆਂ ਕੰਪਨੀਆਂ

...ਪੰਨਾ 1 ਦਾ ਬਾਕੀ

ਇਨ੍ਹਾਂ ਕੰਪਨੀਆਂ ਨੇ ਆਖਿਆ ਕਿ ਆਟੋਮੋਬਾਈਲ ਬਿਲਡਿੰਗਜ਼ ਵਿੱਚ ਇਹ ਕਰਮਚਾਰੀ ਇੱਕ ਦੂਜੇ ਤੋਂ ਕਾਫੀ ਨੇੜੇ ਰਹਿ ਕੇ ਕੰਮ ਕਰਦੇ ਹਨ ਤੇ ਜਿਸ ਨਾਲ ਅਜਿਹੀ ਬਿਮਾਰੀ ਜਲਦੀ ਫੈਲਣ ਦਾ ਡਰ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਹਿਉਂਡਾਇ ਨੇ ਆਪਣਾ ਅਲਾਬਾਮਾ ਵਾਲਾ ਪਲਾਂਟ ਇਸ ਲਈ ਬੰਦ ਕਰ ਦਿੱਤਾ ਕਿਉਂਕਿ ਉਨ੍ਹਾਂ ਦੇ ਇੱਕ ਵਰਕਰ ਨੂੰ ਕਰੋਨਾਵਾਇਰਸ ਨਿਕਲਿਆ।

ਡਿਟਰੌਇਟ ਦੀਆਂ ਤਿੰਨ ਆਟੋਨਿਰਮਾਤਾ ਕੰਪਨੀਆਂ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਹ ਬੰਦ ਇਸ ਹਫਤੇ ਤੋਂ ਹੀ ਸ਼ੁਰੂ ਹੋਵੇਗਾ ਜਦਕਿ ਹੌਂਡਾ ਤੇ ਟੌਇਟਾ ਅਗਲੇ ਹਫਤੇ ਤੋਂ ਇਹ ਬੰਦ ਸ਼ੁਰੂ ਹੋਵੇਗਾ। ਇਹ ਬੰਦ ਕੁਝ ਦਿਨਾਂ ਤੋਂ ਲੈ ਕੇ ਅਗਲੇ ਦੋ ਹਫਤਿਆਂ ਤੱਕ ਜਾਰੀ ਰਹੇਗਾ ਪਰ ਬਹੁਤੇ ਆਟੋਮੇਕਰਜ਼ ਨੇ ਆਖਿਆ ਕਿ ਉਹ ਇਨ੍ਹਾਂ ਫੈਕਟਰੀਆਂ ਨੂੰ ਦੁਬਾਰਾ ਖੋਲ੍ਹਣ ਤੋਂ ਪਹਿਲਾਂ ਹਾਲਾਤ ਦਾ ਜਾਇਜ਼ਾ ਲੈਣਗੇ।

ਡਿਟਰੌਇਟ ਦੇ ਤਿੰਨ ਆਟੋਮੇਕਰਜ਼ ਵੱਲੋਂ ਹੀ ਇਸ ਦੌਰਾਨ 150,000 ਵਰਕਰਜ਼ ਵਿਹਲੇ ਕਰ ਦਿੱਤੇ ਜਾਣਗੇ। ਉਨ੍ਹਾਂ ਨੂੰ ਸਟੇਟ ਦੇ ਅਨਇੰਪਲਾਇਮੈਂਟ ਬੈਨੇਫਿਟਜ਼ ਦੇ ਨਾਲ ਨਾਲ ਸਪਲੀਮੈਂਟਲ ਪੇਅ ਵੀ ਹਾਸਲ ਹੋਵੇਗੀ। ਇਹ ਦੋ ਚੈੱਕ ਰਲ ਕੇ ਓਨੀ ਰਕਮ ਦੇ ਬਰਾਬਰ ਹੋਣਗੇ ਜਿਨਾ ਕਿ ਇਹ ਵਰਕਰਜ਼ ਆਮ ਤੌਰ ਉੱਤੇ ਕਮਾ ਲੈਂਦੇ ਹਨ। ਜੀਐਮ ਨੇ ਆਖਿਆ ਕਿ ਇਸ ਪੇਅ ਬਾਰੇ ਅਜੇ ਵੀ ਯੂਨਾਈਟਿਡ ਆਟੋ ਵਰਕਰਜ਼ ਯੂਨੀਅਨ ਨਾਲ ਗੱਲਬਾਤ ਚੱਲ ਰਹੀ ਹੈ।

ਜ਼ਿਕਰਯੋਗ ਹੈ ਕਿ ਫੋਰਡ ਓਕਵਿਲੇ, ਓਨਟਾਰੀਓ ਦੇ ਇਕ ਪਲਾਂਟ ਵਿੱਚ ਆਟੋਮੋਬਾਈਲਜ਼ ਬਣਾਉਂਦੀ ਹੈ ਤੇ ਫਿਏਟ ਕ੍ਰਾਈਸਲਰ ਬਰੈਂਪਟਨ ਤੇ ਵਿੰਡਸਰ, ਓਨਟਾਰੀਓ ਵਿੱਚ ਗੱਡੀਆਂ ਤਿਆਰ ਕਰਵਾਉਂਦੀ ਹੈ। ਜੀਐਮ ਨੇ ਓਸ਼ਵਾ, ਓਨਟਾਰੀਓ ਵਿੱਚ ਆਪਣੀਆਂ ਗੱਡੀਆਂ ਦੇ ਉਤਪਾਦਨ ਨੂੰ ਪਿਛਲੇ ਸਾਲ ਹੀ ਬੰਦ ਕਰ ਦਿੱਤਾ ਸੀ ਪਰ ਇੰਗਰਸੋਲ, ਓਨਟਾਰੀਓ ਵਿੱਚ ਅਜੇ ਵੀ ਕੰਪਨੀ ਵੱਲੋਂ ਆਟੋਮੋਬਾਈਲ ਤਿਆਰ ਕਰਵਾਏ ਜਾ ਰਹੇ ਹਨ। ਇਸ ਦੇ ਨਾਲ ਹੀ ਕੰਪਨੀ ਸੇਂਟ ਕੈਥਰੀਨਜ਼, ਓਨਟਾਰੀਓ ਵਿੱਚ ਇੰਜਣ ਤੇ ਫਰੰਟ ਵ੍ਹੀਲ ਡਰਾਈਵ ਟਰਾਂਸਮਿਸ਼ਨਜ਼ ਵੀ ਤਿਆਰ ਕਰਵਾਉਂਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਆਈਸੋਲੇਸ਼ਨ ਵਾਰਡਾਂ ਦੇ ਲਈ ਵਰਤੀਆਂ ਜਾਣਗੀਆਂ

ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੱਲ੍ਹ ਇਹ ਐਲਾਨ ਕੀਤਾ ਕਿ ਕਰੋਨਾ ਵਾਇਰਸ ਮਹਾਂਮਾਰੀ ਦੇ ਕਾਰਨ ਲੋੜ ਪੈਣ 'ਤੇ ਪੀੜਤਾਂ ਨੂੰ ਵੱਖ ਰੱਖਣ ਲਈ ਪ੍ਰਸ਼ਾਸਨ ਤੇ ਸਿਹਤ ਵਿਭਾਗ ਨੂੰ ਸਹਿਯੋਗ ਦਿੱਤਾ ਜਾਵੇਗਾ। ਇਸ ਸਬੰਧ ਵਿੱਚ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਲੋੜ ਪੈਣ 'ਤੇ ਗੁਰਦੁਆਰਿਆਂ ਦੀਆਂ ਸਰਾਵਾਂ ਨੂੰ ਵੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਿਆ ਜਾਵੇਗਾ।

ਵਰਨਣ ਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਵਿੱਚ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਤੇ ਗੁਰਦੁਆਰਾ ਕਮੇਟੀਆਂ ਨੂੰ ਆਖਿਆ ਸੀ ਕਿ ਇਸ ਔਖੀ ਘੜੀ ਵਿੱਚ ਗੋਲਕ ਨੂੰ ਲੋੜਵੰਦਾਂ ਲਈ ਵਰਤਿਆ ਜਾਵੇ। ਲੋੜ ਅਨੁਸਾਰ ਲੰਗਰ ਲਾਏ ਜਾਣ, ਦਵਾਈਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਹੋਰ ਲੋੜਾਂ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਗੁਰੂ ਘਰਾਂ ਦੀਆਂ ਸਰਾਵਾਂ ਮਰੀਜ਼ਾਂ ਨੂੰ ਰੱਖਣ ਵਾਸਤੇ ਆਖਿਆ ਸੀ। ਜਥੇਦਾਰ ਵੱਲੋਂ ਕੀਤੀ ਅਪੀਲ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਹਸਪਤਾਲ ਤੋਂ ਇਲਾਵਾ ਸਰਾਵਾਂ ਨੂੰ ਵੀ ਮਰੀਜ਼ਾਂ ਨੂੰ ਵੱਖ ਰੱਖਣ ਲਈ ਵਰਤਿਆਂ ਜਾਵੇਗਾ। ਮੌਜੂਦਾ ਸਥਿਤੀ ਵਿੱਚ ਲੋੜਵੰਦਾਂ ਨੂੰ ਗੁਰੂ ਘਰ ਤੋਂ ਲੰਗਰ ਵੀ ਵਰਤਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮਹਾਂਮਾਰੀ ਕਾਰਨ ਸਮੁੱਚੇ ਵਿਸ਼ਵ 'ਚ ਚਿੰਤਾ ਦਾ ਮਾਹੌਲ ਹੈ। ਇਸ ਲਈ ਸ਼੍ਰੋਮਣੀ ਕਮੇਟੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਨੇ ਮੈਡੀਕਲ ਕਾਲਜ ਵੱਲਾ ਵਿਖੇ ਪਹਿਲਾਂ ਹੀ ਪੀੜਤਾਂ ਨੂੰ ਰੱਖਣ ਲਈ ਵੱਖਰੇ ਵਾਰਡ ਦਾ ਪ੍ਰਬੰਧ ਕੀਤਾ ਹੋਇਆ ਹੈ।

# COVID-19 Fallout: Parents Struggling to Deal with Their children Under Lockdown




The spread of the Coronavirus (COVID-19) has turned life upside down, almost overnight, for every individual around the globe.

The mental cost of the coronavirus pandemic is unfolding within homes across Canada as students, parents, and teachers learn to cope with a new standard of social distancing and remote learning.

Like the rest of the world, Canada ordered all schools closed in the wake of the coronavirus pandemic.

After the teacher strike, Now Coronavirus school's lockdown, came with another burden to parents as they now have to struggle to keep their children safe from the virus.

No school for the "foreseeable" future. No Exams.

The Ontario government has propelled an internet learning program for studies at home during COVID-19 pandemic.

The materials incorporate another e-learning site for secondary school students that the administration guarantees will convey "high-caliber, made-in-Ontario math and proficiency assets, made by Ontario-ensured teachers."

The site offers students from Evaluation 9 to Review 12 an assortment of fundamental courses, for example, Evaluation 9 Science, Evaluation 10 Establishment of Arithmetic, and Grade 12 Material science – which the Service of Instruction says is a result of the Ontario School of Educators.

Mainstream computer game discharge prompts long queue outside EB Games amid COVID-19 flare-up.

"Our arrangement will give intuitive educator drove math supports to keep students learning and enable all pupils to learn key abilities with an accentuation on STEM training, while likewise outfitting guardians with assets to help them as their children learn at home," Instruction Clergyman Stephen Lecce said on Friday.

While a great many youngsters will be anticipating spring and perhaps summer, liberated from obligation and schedule, however, these are not typical occasions - they're probably going to need to go through days and evenings inside with parents or guardians.

They won't get a lot of individual contact with companions and, for young people, the wiping out of tests will make a troublesome season significantly all the more stressing



As you take a stroll in various residential areas, scenes of children running up and down the streets will be replicated in most estates. They are stuck on the Xbox; I phone and TVs. Many parents are finding it hard to confine their children inside the house, with some even admitting of being overwhelmed by their presence.

I got two kids' son Satnam Flora 13 and daughter Gurleen Flora 10. They understand the amid the coronavirus crisis, and they fear and scared of these circumstances could be getting infected with the virus if they go out. Most of the day, they spent time on the Xbox, watching TV, but we can see the stress on their faces clearly. We are also doing our best for the social distance, that's mentally driving them crazy.

While Sundri Gunraj said, a mother of two daughters who is a manager at one of the clothing stores, says it has been hard for her to contain her kids in the house as they are still young and oblivious of the danger of the disease.

"I give them assignments to work on in the morning and afternoon, time to time we spend time to play the cards with social distance keeping in mind. But when they get tired of all this TV, Xbox and cards they want to go out and feel the fresh air, explore what's going on outside but they got no choice besides making its sad face and understand the circumstances she added.

"I firmly urge people in general to stay watchful about the security of kids in families. "This is a period of expanded pressure, and we know from the work that we do this can likewise cause an uptick in abuse of youngsters. Thus, we need to be particularly on the watch for that."

Keep your kids occupied; the family room and bedroom are always fun places, and once set up can be an otherworldly spot to bring books and treats. Drawing pictures or printing sketched out photos off the web for shading in are consistently helpful for keeping occupied. At the point when you need a few hours to complete some work, there are some extraordinary instructive software engineers on Netflix and YouTube, for example, The Enchantment School Transport and Ask the Storybooks.


Furthermore, likewise, with individuals, all things considered, nourishment is continuously a victor, so invest energy consistently either heating, cooking supper, or making something necessary and keeping in mind that doing as such, get your children to go along with you.

Cooking together assists with delivering a long-haul inspirational disposition towards nourishment, cooking, and eating, just as uniting the family, particularly during the coronavirus lockdown. This would be one of those exercises considered quality family time.

Such vast numbers of appalling children grow up never figuring out how to cook; this is the opportune time for them to support you, and children to kill this distressing, hard time.



















# ਕੋਰੋਨਾ ਨਾਲ ਨਜਿੱਠਣ ਵਿੱਚ ਕਿੰਨਾ ਸਮਰੱਥ ਹੈ ਭਾਰਤ






-ਆਕਾਰ ਪਟੇਲ-

1872 'ਚ ਪਹਿਲੀ ਮਰਦਮ ਸ਼ੁਮਾਰੀ ਸਮੇਂ ਭਾਰਤ ਦੀ ਆਬਾਦੀ 20.61 ਕਰੋੜ ਸੀ। ਉਸ ਸਮੇਂ ਮੌਜੂਦਾ ਬੰਗਲਾ ਦੇਸ਼ ਅਤੇ ਪਾਕਿਸਤਾਨ ਵੀ ਭਾਰਤ ਦਾ ਹਿੱਸਾ ਸਨ। 1881 'ਚ ਇਹ 23 ਫੀਸਦੀ ਵਧ ਕੇ 25.38 ਕਰੋੜ ਹੋ ਗਈ। ਇਸ ਵਿੱਚ ਕੁਝ ਹਿੱਸਾ ਆਬਾਦੀ 'ਚ ਵਾਧੇ ਕਾਰਨ ਅਤੇ ਕੁਝ ਖੇਤਰਫਲ ਵਿੱਚ ਵਾਧੇ ਕਾਰਨ ਹੋਇਆ ਕਿਉਂਕਿ ਅੰਗਰੇਜ਼ਾਂ ਦੇ ਅਧੀਨ ਖੇਤਰ ਲਗਾਤਾਰ ਵਧਦਾ ਜਾ ਰਿਹਾ ਸੀ। 1911 ਵਿੱਚ ਆਬਾਦੀ ਸੱਤ ਫੀਸਦੀ ਵਧ ਕੇ 31 ਕਰੋੜ ਹੋ ਗਈ। ਇਸ ਤੋਂ 10 ਸਾਲ ਬਾਅਦ 1921 'ਚ ਵੀ ਇਹ 31 ਕਰੋੜ ਹੀ ਰਹੀ।

ਇਸ ਪੂਰੇ ਦਹਾਕੇ ਦੌਰਾਨ ਆਬਦੀ ਕਿਉਂ ਨਹੀਂ ਵਧੀ? ਇਸ ਦਾ ਜਵਾਬ ਹੈ ਐਚ-1 ਐਨ-1 ਵਾਇਰਸ ਜਿਸ ਨੂੰ ਸਪੈਨਿਸ਼ ਫਲੂ ਵੀ ਕਿਹਾ ਜਾਂਦਾ ਹੈ। ਇਹ ਕੋਰੋਨਾ ਵਾਇਰਸ ਵਾਂਗ ਮਹਾਮਾਰੀ ਸੀ, ਜਿਸ ਨੇ ਇੱਕ ਦਹਾਕੇ ਵਿੱਚ ਭਾਰਤ 'ਚ ਵਧੀ ਹੋਈ ਆਬਾਦੀ ਨੂੰ ਖਤਮ ਕਰ ਦਿੱਤਾ ਸੀ, ਇਸ ਨਾਲ ਲਗਭਗ ਡੇਢ ਕਰੋੜ ਲੋਕ ਮਾਰੇ ਗਏ। ਇਹ ਫਲੂ ਭਾਰਤ 'ਚ ਯੂਰਪ ਤੋਂ ਆਇਆ ਸੀ, ਜਿੱਥੇ ਇਹ ਫੌਜੀ ਹਸਪਤਾਲਾਂ ਵਿੱਚ ਪਹਿਲੀ ਸੰਸਾਰ ਜੰਗ ਦੇ ਅਖੀਰ ਵਿੱਚ ਫੈਲਿਆ ਸੀ। ਇਸ ਦੇ ਫੈਲਣ ਦੇ ਸਹੀ ਕਾਰਨਾਂ ਦਾ ਪਤਾ ਨਹੀਂ, ਪਰ ਇਹ ਸੰਭਵ ਹੈ ਕਿ ਇਹ ਫੌਜ ਦੀ ਮੈਸ ਲਈ ਕੱਟੇ ਜਾਂਦੇ ਪਸ਼ੂਆਂ ਜਾਂ ਪੰਛੀਆਂ ਕਾਰਨ ਫੈਲਿਆ ਹੋਵੇ। ਅੰਗਰੇਜ਼ਾਂ ਲਈ ਜੰਗ ਲੜਨ ਵਾਲੀ ਭਾਰਤੀ ਰੈਜੀਮੈਂਟਸ 1918 'ਚ ਜਰਮਨੀ ਦੇ ਸਰੰਡਰ ਕਰਨ ਤੋਂ ਬਾਅਦ ਮੁੰਬਈ ਪਰਤ ਆਈਆਂ ਸਨ। ਇਹ ਲੋਕ ਆਪਣੇ ਨਾਲ ਵਾਇਰਸ ਵੀ ਲੈ ਆਏ, ਜਿਸ ਤਰ੍ਹਾਂ ਇਸ ਸਮੇਂ ਦੇਸ਼ ਵਿੱਚ ਆਉਣ ਵਾਲੇ ਲੋਕ ਕੋਰੋਨਾ ਵਾਇਰਸ ਲਿਆ ਰਹੇ ਹਨ।

ਅਮਰੀਕਾ ਸਮੇਤ ਕਈ ਦੇਸ਼ਾਂ ਨੇ ਜੰਗ 'ਚ ਹਿੱਸਾ ਲਿਆ ਸੀ ਅਤੇ ਇਸ ਲਈ ਜੰਗ ਤੋਂ ਪਰਤਣ ਵਾਲੇ ਫੌਜੀਆਂ ਦੇ ਨਾਲ ਇਹ ਬਿਮਾਰੀ ਦੁਨੀਆ ਭਰ ਵਿੱਚ ਫੈਲ ਗਈ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸ ਨਾਲ ਦੁਨੀਆ ਦੀ 25 ਫੀਸਦੀ ਆਬਾਦੀ ਪ੍ਰਭਾਵਤ ਹੋਈ ਅਤੇ ਉਸ 'ਚੋਂ 10 ਫੀਸਦੀ ਲੋਕਾਂ ਦੀ ਮੌਤ ਹੋ ਗਈ ਸੀ।

ਇਹ ਇਨਫੈਕਸ਼ਨ ਅਤੇ ਜਾਨੀ ਨੁਕਸਾਨ ਦੀ ਉਚੀ ਦਰ ਸੀ ਅਤੇ ਇਸ ਕਿਸਮ ਦੇ ਖਤਰੇ ਦਾ ਸਾਹਮਣਾ ਅਸੀਂ ਕੋਰੋਨਾ ਵਾਇਰਸ ਕਾਰਨ ਕਰ ਰਹੇ ਹਾਂ। ਇਸ ਵਾਇਰਸ ਦੀ ਸਮੱਸਿਆ ਇਹ ਹੈ ਕਿ ਇਸ ਦਾ ਕੋਈ ਇਲਾਜ ਨਹੀਂ ਹੈ। ਇਸ ਲਈ ਕੋਈ ਦਵਾਈ ਨਹੀਂ ਲਈ ਜਾ ਸਕਦੀ ਅਤੇ ਇਹ ਬੜੀ ਤੇਜ਼ੀ ਨਾਲ ਫੈਲਦਾ ਹੈ, ਜਿਵੇਂ ਅੱਜ ਅਸੀਂ ਭਾਰਤ 'ਚ ਦੇਖ ਰਹੇ ਹਾਂ। ਜੇ ਕੋਈ ਵਿਅਕਤੀ ਇਸ ਤੋਂ ਇਨਫੈਕਟਿਡ ਹੁੰਦਾ ਹੈ ਤਾਂ ਉਸ ਵਿੱਚ ਇਸ ਦੇ ਲੱਛਣ ਦਿਸ ਵੀ ਸਕਦੇ ਹਨ ਅਤੇ ਨਹੀਂ ਵੀ। ਉਹ ਇਸ ਵਾਇਰਸ ਨੂੰ ਆਪਣੇ ਨੇੜੇ ਆਉਣ ਵਾਲੇ ਲੋਕਾਂ ਵਿੱਚ ਫੈਲਾਉਂਦਾ ਹੈ ਅਤੇ ਲੋਕ ਇਸ ਵਾਇਰਸ ਨੂੰ ਉਨ੍ਹਾਂ ਲੋਕਾਂ 'ਚ ਫੈਲਾਉਂਦੇ ਹਨ, ਜਿਨ੍ਹਾਂ ਨਾਲ ਸੰਪਰਕ 'ਚ ਆਉਂਦੇ ਹਨ ਅਤੇ ਇਹ ਸਭ ਇੱਕ ਹੀ ਦਿਨ ਵਿੱਚ ਹੋ ਜਾਂਦਾ ਹੈ। ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ 'ਚ ਜਾਂਦੇ ਸਮੇਂ ਇਸ ਵਾਇਰਸ ਦੀ ਮਾਰੂ ਸਮਰੱਥਾ ਘੱਟ ਨਹੀਂ ਹੁੰਦੀ।

ਕੁਝ ਉਪਾਅ ਕਰ ਕੇ ਇਸ ਵਾਇਰਸ ਦੀ ਚੇਨ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ। ਇਸ ਨਾਲ ਇਹ ਯਕੀਨੀ ਹੋਵੇਗਾ ਕਿ ਜੋ ਲੋਕ ਇਸ ਤੋਂ ਪੀੜਤ ਹਨ, ਉਨ੍ਹਾਂ 'ਚੋਂ ਉਹ ਖਤਮ ਹੋ ਜਾਏ। ਕੁਝ ਬਚੇ ਰਹਿਣਗੇ ਅਤੇ ਬਾਕੀ ਨਹੀਂ, ਪਰ ਆਈਸੋਲੇਸ਼ਨ ਨਾਲ ਇਹ ਯਕੀਨੀ ਹੋਵੇਗਾ, ਜੋ ਲੋਕ ਇਸ ਤੋਂ ਇਨਫੈਕਟਿਡ ਹਨ, ਬਿਮਾਰੀ ਸਿਰਫ ਉਨ੍ਹਾਂ ਤੱਕ ਸੀਮਿਤ ਰਹੇਗੀ। ਆਈਸੋਲੇਸ਼ਨ ਦਾ ਫਾਇਦਾ ਨਾ ਸਿਰਫ ਮਰੀਜ਼ ਨੂੰ ਹੈ ਸਗੋਂ ਉਸ ਦੇ ਆਸਪਾਸ ਦੇ ਲੋਕਾਂ ਨੂੰ ਵੀ ਹੈ।

ਚੀਨ ਨੇ ਪੂਰੇ ਦੇ ਪੂਰੇ ਸ਼ਹਿਰਾਂ ਨੂੰ ਲਾਕਡਾਊਨ ਕਰ ਦਿੱਤਾ, ਜਿਸ ਨਾਲ ਕੋਰੋਨਾ ਦਾ ਫੈਲਾਅ ਰੋਕਣ 'ਚ ਮਦਦ ਮਿਲੀ। ਲੋਕਾਂ ਦੇ ਘਰ 'ਚੋਂ ਬਾਹਰ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ। ਸਰਕਾਰ ਨੇ ਟ੍ਰੇਂਡ ਲੋਕਾਂ ਰਾਹੀਂ ਘਰ-ਘਰ ਤੱਕ ਖਾਣਾ ਪਹੁੰਚਾਇਆ। ਯੂਰਪ ਵਿੱਚ ਲੋਕਤੰਤਰਿਕ ਦੇਸ਼ਾਂ 'ਚ ਚੀਨ ਵਾਂਗ ਮੁਕੰਮਲ ਸ਼ੱਟਡਾਊਨ ਸੰਭਵ ਨਹੀਂ ਹੈ। ਇਹੀ ਕਾਰਨ ਹੈ ਕਿ ਇਟਲੀ ਤੇ ਸਪੇਨ ਵਿੱਚ ਵੀ ਇਹ ਵਾਇਰਸ ਤੇਜ਼ੀ ਨਾਲ ਫੈਲਿਆ ਹੈ ਅਤੇ ਮੌਤ ਦੀ ਦਰ ਵੀ ਚੀਨ ਦੇ ਮੁਕਾਬਲੇ ਵਧ ਰਹੀ ਹੈ। ਬੇਸ਼ੱਕ ਯੂਰਪ ਦੇ ਲੋਕ ਵੀ ਸੋਸ਼ਲ ਡਿਸਟੈਂਸਿੰਗ ਅਤੇ ਸੈਲਫ ਕੁਆਰੰਟਾਈਨ 'ਤੇ ਅਮਨ ਕਰ ਰਹੇ ਹਨ, ਪਰ ਇਹੋ ਮੁਕੰਮਲ ਲਾਕਡਾਊਨ ਦੇ ਬਰਾਬਰ ਅਸਰਦਾਰ ਨਹੀਂ ਹੈ।

ਸ਼ੁੱਕਰਵਾਰ ਨੂੰ ਇਟਲੀ ਵਿੱਚ (ਜਿਸ ਦੀ ਆਬਾਦੀ ਛੇ ਕਰੋੜ ਅਤੇ ਗੁਜਰਾਤ ਤੋਂ ਘੱਟ ਹੈ) 627 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ ਹੋਰ 6000 ਕੋਰੋਨਾ ਵਾਇਰਸ ਤੋਂ ਇਨਫੈਕਟਿਡ ਮਿਲੇ ਹਨ। ਇਹ ਸਿਰਫ ਇੱਕ ਦਿਨ ਦਾ ਅੰਕੜਾ ਸੀ ਅਤੇ ਜਦ ਤੱਕ ਇਹ ਚੇਨ ਨਾ ਟੁੱਟੀ ਜਾਂ ਵਾਇਰਸ ਖੁਦ ਕਮਜ਼ੋਰ ਨਾ ਪੈ ਜਾਵੇ, ਇਹ ਖਤਰਨਾਕ ਰੂਪ ਨਾਲ ਫੈਲਦਾ ਹੈ। ਅਸੀਂ ਖਤਰਨਾਕ ਵਾਧੇ ਨੂੰ ਇੱਕ ਕਹਾਣੀ ਦੇ ਤੌਰ 'ਤੇ ਜਾਣਦੇ ਹਾਂ, ਜਿਸ ਵਿੱਚ ਇੱਕ ਵਿਅਕਤੀ ਇੱਕ ਰਾਜੇ ਨਾਲ ਚੈਸ ਬੋਰਡ ਦੇ ਪਹਿਲੇ ਸਕੁਏਅਰ ਲਈਚੌਲ ਦੇ ਦਾਣੇ ਦੀ ਮੰਗ ਕਰਦਾ ਹੈ ਅਤੇ ਫਿਰ ਉਹ ਹਰੇਕ ਸਕੁਏਅਰ ਦੇ ਨਾਲ ਦੁੱਗਣਾ ਹੁੰਦਾ ਜਾਂਦਾ ਹੈ। ਇਸ ਲੜੀ 'ਚ ਇਹ 12ਵੇਂ ਸਕੁਏਅਰ ਤੱਕ ਪਹੁੰਚਦੇ-ਪਹੁੰਚਦੇ 1, 2, 4, 8, 16, 32, 64, 128 ਅਤੇ 256, 512, 1024 ਅਤੇ 2048 ਹੋ ਜਾਂਦਾ ਹੈ। ਮੰਨ ਲਓ ਇਹ ਲੋਕ ਹਨ ਅਤੇ ਇੱਕ ਦੇਸ਼ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਨਫੈਕਟਿਡ ਵਿਅਕਤੀ ਦੀ ਪ੍ਰਤੀਨਿਧਤਾ ਕਰਦਾ ਹੈ, ਜਦੋਂ ਤੱਕ ਤੁਸੀਂ 64ਵੇਂ ਸੁਕਏਅਰ 'ਚ ਪਹੁੰਚਦੇ ਹੋ ਤਾਂ ਕੁਝ ਲੋਕਾਂ ਨੂੰ ਛੱਡ ਕੇ ਹਰ ਵਿਅਕਤੀ ਇਨਫੈਕਟਿਡ ਹੋ ਜਾਂਦਾ ਹੈ। ਕੋਰੋਨਾ ਵਾਇਰਸ ਦੇ ਨਾਲ ਵੀ ਇਹੀ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਇਨਫੈਕਸ਼ਨ ਦੀ ਚੇਨ ਐਤਵਾਰ ਨੂੰ ਇੱਕ ਦਿਨ ਲਈ ਕੁਝ ਘੰਟੇ ਤੋੜ ਦੇਣੀ ਹੋਵੇਗੀ। ਇਹ ਕੋਈ ਹੱਲ ਨਹੀਂ ਹੈ। ਹਕੀਕਤ ਇਹ ਹੈ ਕਿ ਭਾਰਤ ਕੋਲ ਕੋਰੋਨਾ ਵਾਇਰਸ ਵਿਰੁੱਧ ਮਜ਼ਬੂਤ ਸੁਰੱਖਿਆ ਪ੍ਰਬੰਧ ਨਹੀਂ ਹਨ। ਇੱਕ ਤਿਹਾਈ ਦੋ ਕਮਰਿਆਂ 'ਚ ਰਹਿੰਦੇ ਹਨ। ਉਹ ਲੋਕ ਖੁਦ ਨੂੰ ਕੁਆਰੰਟਾਈਨ ਜਾਂ ਆਈਸੋਲੇਟ ਨਹੀਂ ਕਰ ਸਕਦੇ ਤੇ ਜੇ ਉਹ ਇਨਫੈਕਟਿਡ ਹੋ ਜਾਣ ਤਾਂ ਇਸ ਨੂੰ ਹੋਰ ਲੋਕਾਂ 'ਚ ਫੈਲਾ ਦੇਣਗੇ। ਭਾਰਤ ਲਈ ਕਿਸੇ ਮਹਾਮਾਰੀ ਨੂੰ ਕੰਟਰੋਲ ਕਰਨਾ ਅਸੰਭਵ ਹੈ। ਸਾਡੇ ਕੋਲ ਚੀਨ ਵਾਂਗ ਸੁਰੱਖਿਅਤ ਲੋਕਾਂ ਦੁਆਰਾ ਘਰ-ਘਰ ਭੋਜਨ ਪੁਚਾਉਣ ਦੀ ਸਮਰੱਥਾ ਨਹੀਂ ਹੈ ਅਤੇ ਨਾ ਹਰ ਕਿਸੇ ਨੂੰ ਘਰ ਵਿੱਚ ਰਹਿਣ ਦਾ ਹੁਕਮ ਦੇ ਸਕਦੇ ਹਾਂ। ਭਾਰਤ ਵਿੱਚ ਇਹ ਨਹੀਂ ਹੋ ਸਕੇਗਾ। ਸਾਡੇ ਕੋਲ ਉਨ੍ਹਾਂ ਲੋਕਾਂ ਨੂੰ ਬਚਾਉਣ ਲਈ ਸਿਹਤ ਸਹੂਲਤਾਂ ਵੀ ਨਹੀਂ ਹਨ, ਜੋ ਇਨਫੈਕਟਿਡ ਪਾਏ ਜਾਂਦੇ ਹਨ ਕਿਉਂਕਿ ਸਾਡੇ ਕੋਲ ਅਜਿਹੀ ਸਮਰੱਥਾ ਨਹੀਂ ਹੈ। ਭਾਰਤ ਸਿਹਤ ਦੇ ਮੁਕਾਬਲੇ ਰੱਖਿਆ ਖੇਤਰ ਵਿੱਚ ਚਾਰ ਗੁਣਾ ਜ਼ਿਆਦਾ ਖਰਚ ਕਰਦਾ ਹੈ। ਪਿਛਲੇ ਸਾਲ ਸਰਕਾਰ ਨੇ ਆਯੁਸ਼ਮਾਨ ਭਾਰਤ ਲਈ 3200 ਕਰੋੜ ਰੁਪਏ ਦਿੱਤੇ ਸਨ। ਸਿਰਫ 36 ਰਾਫੇਲ ਫਾਈਟਰ ਖਰੀਦਣ ਲਈ ਅਸੀਂ 59 ਹਜ਼ਾਰ ਕਰੋੜ ਰੁਪਏ ਖਰਚ ਕੀਤੇ। ਸਾਡੇ ਦੇਸ਼ ਵਿੱਚ ਸਿਰਫ ਸੱਤਰ ਹਜ਼ਾਰ ਹਸਪਤਾਲ ਬੈਡ ਹਨ ਅਤੇ ਵੈਂਟੀਲੇਟਰ ਵੀ ਘੱਟ ਹਨ।

ਅਜਿਹੇ ਹਾਲਾਤ ਵਿੱਚ ਜੋ ਇਨਫੈਕਟਿਡ ਲੋਕ ਹੋਰਨਾਂ ਦੇਸ਼ਾਂ 'ਚ ਹੋਣ 'ਤੇ ਬਚ ਸਕਦੇ ਹਨ, ਉਹ ਭਾਰਤ ਵਿੱਚ ਨਹੀਂ ਬਚ ਸਕਣਗੇ। ਇਹ ਇੱਕ ਸੱਚਾਈ ਹੈ ਤੇ ਇਸ ਬਾਰੇ ਅਸੀਂ ਬਹੁਤ ਜਲਦ ਹੀ ਸਮਝ ਜਾਵਾਂਗੇ, ਜਦੋਂ ਅਸੀਂ ਉਸ ਬਿਮਾਰੀ ਦਾ ਮੁਕਾਬਲਾ ਕਰਾਂਗੇ, ਜੋ ਕਾਫੀ ਗਿਣਤੀ ਦਾ ਵਿਨਾਸ਼ ਕਰ ਸਕਦੀ ਹੈ। ਦੁਨੀਆ ਦੇਖੇਗੀ ਕਿ ਭਾਰਤ ਰੋਗ ਸੰਚਾਰ ਨੂੰ ਨਹੀਂ ਰੋਕ ਸਕਦਾ ਅਤੇ ਇਸ ਦੇ ਨਤੀਜੇ ਅਜਿਹੇ ਹੋਣਗੇ, ਜੋ ਚੰਗੇ ਨਹੀਂ ਹੋਣਗੇ।

ਭਾਰਤ ਬਾਰੇ ਚੰਗੀ ਗੱਲ ਉਸ ਦਾ ਕਿਸਮਤ ਵਾਲਾ ਹੋਣਾ ਹੈ। ਅਸੀਂ ਨੁਕਸਾਨ, ਕਸ਼ਟ ਝੱਲਣ ਦੇ ਆਦੀ ਹੋ ਚੁੱਕੇ ਹਾਂ। ਹਜ਼ਾਰਾਂ ਲੋਕਾਂ ਦੇ ਮਰਨ 'ਤੇ ਕੋਈ ਕ੍ਰਾਂਤੀ, ਸਮਾਜਕ ਚੁੱਕ-ਥੱਲ ਨਹੀਂ ਹੋਵੇਗੀ। ਸਾਡੇ 'ਚੋਂ ਜੋ ਲੋਕ ਇਸ ਪਲੇਗ ਤੋਂ ਬਚ ਜਾਣਗੇ, ਉਹ ਸਿਰਫ ਉਸੇ ਤਰ੍ਹਾਂ ਜ਼ਿੰਦਗੀ ਜਿਊਂਦੇ ਰਹਿਣਗੇ, ਜਿਵੇਂ ਇੱਕ ਸ਼ਤਾਬਦੀ ਪਹਿਲਾਂ ਸਪੈਨਿਸ਼ ਫਲੂ ਤੋਂ ਬਚੇ ਲੋਕ ਆਮ ਵਰਗੀ ਜ਼ਿੰਦਗੀ ਜਿਊਂਦੇ ਰਹੇ।

## ਕਵਿਤਾ

### ਸੁੱਕਣੇ ਲੋਕੀਂ ਪਾ ਦਿੱਤੇ ਕਰੋਨਾ ਨੇ ...

ਡਾ. ਸੁਖਦੇਵ ਸਿੰਘ ਝੰਡ'

ਫ਼ੋਨ: 84377-27375

ਸੁੱਕਣੇ ਲੋਕੀਂ ਪਾ ਦਿੱਤੇ, ਕਰੋਨਾ ਨੇ।
ਬੰਨ੍ਹ ਕੇ ਸੱਭ ਬੈਠਾ ਦਿੱਤੇ, ਕਰੋਨਾ ਨੇ।

ਰਹੋ ਘਰਾਂ 'ਚ,ਬਾਹਰ ਕਿਧਰੇ ਜਾਣਾ ਨਹੀਂ,
ਸਰਕਾਰੀ ਹੁਕਮ ਸੁਣਾ ਦਿੱਤੇ, ਕਰੋਨਾ ਨੇ।

ਚਾਰ ਫੁੱਟ ਦੀ ਦੂਰੀ ਰੱਖਣੀ ਲਾਜ਼ਮੀਂ ਏ,
ਫ਼ਤਿਹ ਬੁਲਾਉਣੀ ਸਿਖਾ ਦਿੱਤੇ, ਕਰੋਨਾ ਨੇ।

ਮੂੰਹ ਤੇ 'ਮਾਸਕ', ਤੇ ਹੱਥਾਂ 'ਤੇ ਦਸਤਾਨੇ,
'ਸੈਨੇਟਾਈਜ਼ਰ' ਵੀ ਫੜਾ ਦਿੱਤੇ, ਕਰੋਨਾ ਨੇ।

ਮਹਾਂਮਾਰੀ ਹੈ ਬਣ ਗਈ ਸਾਰੀ ਦੁਨੀਆਂ 'ਚ,
ਕੰਨਾਂ ਨੂੰ ਹੱਥ ਨੇ ਲਵਾ ਦਿੱਤੇ, ਕਰੋਨਾ ਨੇ।

ਗਿਣਤੀ ਵੱਧਦੀ ਜਾਵੇ ਨਿੱਤ ਮਰੀਜ਼ਾਂ ਦੀ,
ਕਈ ਮੌਤ ਦੇ ਮੂੰਹ ਵਿਚ ਪਾ ਦਿੱਤੇ, ਕਰੋਨਾ ਨੇ।

ਮਿਹਰ ਕਰੇ ਉਹ 'ਦਾਤਾ' ਉੱਪਰ ਵਾਲਾ ਹੀ,
'ਝੰਡ' ਲੋਕਾਂ ਦੇ ਹੱਥ ਜੁੜਵਾ ਦਿੱਤੇ, ਕਰੋਨਾ ਨੇ।

# ਲੋਕ ਗੀਤਾਂ ਵਿੱਚ ਸੱਭਿਆਚਾਰ ਦੀ ਵੰਨ-ਸੁਵੰਨਤਾ

-ਡਾ. ਜਸਵਿੰਦਰ ਸਿੰਘ-

ਪੰਜਾਬ ਦੇ ਲੋਕ ਗੀਤ ਪੰਜਾਬੀ ਲੋਕ ਸਾਹਿਤ ਦਾ ਪ੍ਰਮੁੱਖ ਅੰਗ ਹਨ। ਪੰਜਾਬ ਦਾ ਲੋਕ ਜੀਵਨ ਇਨ੍ਹਾਂ ਵਿੱਚ ਧੜਕਦਾ ਸਾਫ਼ ਨਜ਼ਰ ਆਉਂਦਾ ਹੈ। ਇਨ੍ਹਾਂ ਵਿੱਚ ਇੰਨੀ ਵੰਨ-ਸੁਵੰਨਤਾ ਹੈ ਕਿ ਸ਼ਾਇਦ ਹੀ ਜ਼ਿੰਦਗੀ ਦਾ ਕੋਈ ਵਿਸ਼ਾ ਹੋਵੇ, ਜਿਸ ਬਾਰੇ ਪੰਜਾਬੀ ਵਿੱਚ ਲੋਕ ਗੀਤ ਨਾ ਮਿਲਦੇ ਹੋਣ। ਇਹ ਹਜ਼ਾਰਾਂ ਦੀ ਗਿਣਤੀ ਵਿੱਚ ਹਨ। ਪੰਜਾਬੀ ਆਪਣਾ ਸਾਰਾ ਜੀਵਨ ਹੀ ਨੱਚਦੇ ਗਾਉਂਦੇ ਬਤੀਤ ਕਰਦੇ ਹਨ। ਇਸੇ ਕਰਕੇ ਹਰ ਪੰਜਾਬੀ ਤੁਹਾਨੂੰ ਖ਼ੁਸੀਆਂ ਵੰਡਦਾ ਖਿੜੇ ਮੱਥੇ ਮਿਲੇਗਾ।

ਪੰਜਾਬੀ ਲੋਕ ਗੀਤਾਂ ਦਾ ਜਨਮ ਬੱਚੇ ਦੇ ਜਨਮ ਨਾਲ ਹੀ ਹੋ ਜਾਂਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਦਾਈ ਤੇ ਬਾਕੀ ਸਾਰੇ ਰਿਸ਼ਤੇਦਾਰ ਬੱਚੇ ਦੇ ਜਨਮ ਦੀ ਖ਼ੁਸ਼ੀ ਮਨਾਉਂਦੇ ਹਨ ਤਾਂ ਉਨ੍ਹਾਂ ਵੱਲੋਂ ਆਪ ਮੁਹਾਰੇ ਲੋਕ ਗੀਤ ਸਿਰਜੇ ਜਾਂਦੇ ਹਨ:

ਧੰਨ ਤੇਰੀ ਮਾਂ ਭਲੀ ਵੇ ਮਹਾਰਾਜ,
ਜਿਨ ਤੂੰ ਬੇਟੜਿਆ ਜਾਇਆ।
ਧੰਨ ਤੇਰੀ ਚਾਚੀ ਭਲੀ ਵੇ ਮਹਾਰਾਜ,
ਜਿਨ ਤੇਰਾ ਛੱਜ ਰਖਾਇਆ।
ਧੰਨ ਤੇਰੀ ਭੈਣ ਭਲੀ ਵੇ ਮਹਾਰਾਜ,
ਜਿਨ ਤੈਨੂੰ ਕੁੱਛੜ ਖਿਡਾਇਆ।
ਧੰਨ ਤੇਰੀ ਮਾਮੀ ਭਲੀ ਵੇ ਮਹਾਰਾਜ,
ਜਿਨ ਤੇਰਾ ਸੋਹਲੜਾ ਗਾਇਆ।

ਘਰ ਦਾ ਕੰਮ ਕਰਦੇ ਸਮੇਂ ਬੱਚੇ ਨੂੰ ਵਰਚਾਉਣ ਤੇ ਪਾਲਣ ਪੋਸ਼ਣ ਵਿੱਚ ਲੋਕ ਗੀਤ 'ਲੋਰੀਆਂ' ਰਾਹੀਂ ਮਾਂ ਦੀ ਸਹਾਇਤਾ ਕਰਦੇ ਹਨ:

ਸੌਂ ਜਾ ਕਾਕਾ ਤੂੰ, ਤੇਰੇ ਬੋਦੇ ਲੜ ਗਈ ਜੂੰ।
ਕੱਢਣ ਤੇਰੀਆਂ ਮਾਮੀਆਂ, ਕਢਾਉਣ ਵਾਲਾ ਤੂੰ।



ਪੰਜਾਬੀ ਜੀਵਨ ਦੇ ਸਭ ਤੋਂ ਚੰਗੇ ਸੱਭਿਆਚਾਰਕ ਪ੍ਰੋਗਰਾਮ ਮੁੰਡਿਆਂ ਕੁੜੀਆਂ ਦੇ ਵਿਆਹ ਤੇ ਮੰਗਣ ਦੇ ਸਮੇਂ ਹੁੰਦੇ ਹਨ। ਵਿਆਹ ਦੇ ਨਿਸ਼ਚਿਤ ਦਿਨ ਤੋਂ ਪਹਿਲਾਂ ਵਿਆਹ ਵਾਲੇ ਘਰ ਗੀਤ ਗਾਏ ਜਾਣ ਲੱਗ ਪੈਂਦੇ ਹਨ। ਵਿਆਹ ਵਿੱਚ ਜੰਝ ਤੇ ਲਾੜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਕੁੜੀ ਵਾਲਿਆਂ ਦੇ ਘਰ ਸੁਹਾਗ ਗਾਏ ਜਾਂਦੇ ਹਨ:

ਬੇਟੀ ਚੰਨਣ ਦੇ ਓਹਲੇ ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ
ਬਾਬਲ, ਵਰ ਲੋੜੀਏ।

ਲੜਕੇ ਦੇ ਘਰ ਘੋੜੀਆਂ ਗਾਈਆਂ ਜਾਂਦੀਆਂ ਹਨ:

ਨਿੱਕੀ ਨਿੱਕੀ ਕਣੀ ਨਿੱਕਿਆ ਮੀਂਹ ਵਰ੍ਹੇ।
ਮਾਤਾ ਬੁਲਾਵੇ ਨਿੱਕਿਆ ਆਓ ਘਰੇ।

ਪੰਜਾਬੀ ਲੋਕ ਗੀਤਾਂ ਵਿੱਚ ਪੰਜਾਬ ਦੀਆਂ ਰੁੱਤਾਂ, ਤਿਓਹਾਰਾਂ ਤੇ ਮੇਲਿਆਂ ਬਾਰੇ ਅਨੇਕਾਂ ਗੀਤ ਮਿਲਦੇ ਹਨ। ਲੋਹੜੀ, ਤੀਆਂ, ਹੋਲੀ, ਵਿਸਾਖੀ, ਬਸੰਤ ਆਦਿ ਮੌਕਿਆਂ 'ਤੇ ਵੀ ਗੀਤ ਗਾਏ ਜਾਂਦੇ ਹਨ। ਪੰਜਾਬ ਦੇ ਬਹੁਤੇ ਤਿਓਹਾਰ ਅਤੇ ਮੇਲੇ ਰੁੱਤਾਂ ਦੀ ਤਬਦੀਲੀ ਸਮੇਂ ਹੁੰਦੇ ਹਨ।

ਤੇਰੀ ਵੇ ਸੰਧੂਰੀ ਪੱਗ ਦੇ, ਸਾਨੂੰ ਮੱਸਿਆਂ 'ਚ ਪੈਣ ਭੁਲੇਖੇ।

ਮੇਲੇ ਦੇ ਭੰਗੜੇ ਵਿੱਚ ਗੱਭਰੂ ਵੰਨ-ਸੁਵੰਨੀਆਂ ਬੋਲੀਆਂ ਪਾਉਂਦੇ ਅਤੇ ਆਪਣੇ ਦਿਲ ਹੌਲੇ ਕਰਦੇ ਹਨ:

ਅੰਬਰਸਰ ਦੇ ਮੁੰਡੇ ਸੁਣੀਂਦੇ, ਪੱਗਾਂ ਬੰਨ੍ਹਦੇ ਹਰੀਆਂ।
ਮਾੜੀ ਕੁੜੀ ਨਾਲ ਵਿਆਹ ਨਾ ਕਰਾਉਂਦੇ,
ਵਿਆਹ ਕੇ ਲਿਆਉਂਦੇ ਪਰੀਆਂ।
ਕੋਲ ਵਿਚੋਲੇ ਦੇ, ਦੋ ਮੁਟਿਆਰਾਂ ਖੜ੍ਹੀਆਂ।

ਤੀਆਂ ਵਿੱਚ ਜਾਣ ਸਮੇਂ ਕੁੜੀਆਂ ਘਰਾਂ ਤੋਂ ਨਿਕਲ ਕੇ ਝੁੰਡ ਬਣਾ ਕੇ ਤੁਰੀਆਂ ਜਾਂਦੀਆਂ ਇੱਕ ਦੂਜੇ ਨੂੰ ਬੋਲੀ ਦੇ ਰੂਪ ਵਿੱਚ ਆਵਾਜ਼ਾਂ ਮਾਰਦੀਆਂ ਹਨ:

ਆਉਂਦੀ ਕੁੜੀਏ, ਜਾਂਦੀ ਕੁੜੀਏ,
ਚੱਕ ਲਿਆ ਬਾਜ਼ਾਰ ਵਿੱਚੋਂ ਝਾਵੇਂ।
ਨੀਂ ਕਾਹਲੀ ਕਾਹਲੀ ਪੈਰ ਪੱਟ ਲੈ,
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

ਲੋਕ ਗੀਤਾਂ ਵਿੱਚ ਰਿਸ਼ਤਿਆਂ ਨਾਲ ਸਬੰਧਿਤ ਵੀ ਬਹੁਤ ਸਾਰੇ ਲੋਕ ਗੀਤ ਮਿਲਦੇ ਹਨ। ਪਿਓ-ਧੀ, ਮਾਂ-ਧੀ, ਭੈਣ-ਭਰਾ, ਨਣਦ-ਭਰਜਾਈ, ਨੂੰਹ-ਸੱਸ, ਪਤੀ-ਪਤਨੀ, ਜੇਠ-ਜੇਠਾਣੀ, ਨੂੰਹ-ਸਹੁਰਾ ਆਦਿ ਰਿਸ਼ਤਿਆਂ ਬਾਰੇ ਬਹੁਤ ਗੀਤ ਗਾਏ ਜਾਂਦੇ ਹਨ। ਪਿਓ-ਧੀ ਨਾਲ ਸਬੰਧਿਤ ਲੋਕ ਗੀਤ ਹਨ:

ਧੀਆਂ ਹੁੰਦੀਆਂ ਜੇ ਦੌਲਤਾਂ ਬੇਗਾਨੀਆਂ,
ਹੱਸ-ਹੱਸ ਤੋਰੀਂ ਬਾਬਲਾ।

ਭੈਣ-ਭਰਾ ਨਾਲ ਸਬੰਧਿਤ ਲੋਕ ਗੀਤ ਹਨ:

ਮੇਰੇ ਵੀਰ ਜਿਹਾ ਨਾ ਕੋਈ, ਦੁਨੀਆਂ ਲੱਖ ਵਸਦੀ।

ਦਿਉਰ-ਭਰਜਾਈ ਨਾਲ ਸਬੰਧਿਤ ਲੋਕ ਗੀਤ ਹਨ:

ਬਾਰੀਂ ਬਰਸੀ ਖੱਟਣੇ ਨੂੰ ਘੱਲਿਆ,
ਖੱਟ ਕੇ ਲਿਆਂਦਾ ਆਰਾ।
ਨੌਕਰ ਹੋ ਜਾਊਂਗਾ,
ਭਾਬੀ ਤੇਰਿਆਂ ਦੁੱਖਾਂ ਦਾ ਮਾਰਾ।


'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲਾ ਅਖਾਣ ਪੰਜਾਬੀਆਂ ਦੀ ਬਹਾਦਰੀ ਦੀ ਹਾਮੀ ਭਰਦਾ ਹੈ। ਸ਼ੁਰੂ ਤੋਂ ਹੀ ਪੰਜਾਬ ਦੀ ਧਰਤੀ ਦੇ ਬੀਰ ਸਪੂਤ ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਕਰਦੇ ਰਹੇ ਹਨ, ਜਿਸ ਕਾਰਨ ਇਨ੍ਹਾਂ ਵਿੱਚ ਦੇਸ਼ ਭਗਤੀ ਕੁੱਟ-ਕੁੱਟ ਕੇ ਭਰੀ ਹੋਈ ਹੈ। ਹਰ ਹਮਲਾਵਰ ਦਾ ਇਨ੍ਹਾਂ ਨੇ ਡੱਟ ਕੇ ਮੁਕਾਬਲਾ ਕੀਤਾ ਹੈ। ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਇਨ੍ਹਾਂ ਨੇ ਮੂੰਹ ਤੋੜ ਜੁਆਬ ਦਿੱਤਾ ਸੀ। ਇਸੇ ਟਾਕਰੇ ਸਦਕਾ ਹੀ ਪੰਜਾਬੀਆਂ ਵਿੱਚ ਸੂਰਬੀਰਤਾ, ਬਹਾਦਰੀ ਤੇ ਦੇਸ਼ ਭਗਤੀ ਘਰ ਕਰ ਗਈ। ਲੋਕ ਗੀਤਾਂ ਵਿੱਚ ਵੀ ਬੀਰ ਭਾਵਨਾ ਵੱਡੀ ਮਾਤਰਾ ਵਿੱਚ ਮਿਲਦੀ ਹੈ। ਪੰਜਾਬਣਾਂ ਆਪਣੇ ਢੋਲ ਸਿਪਾਹੀਆਂ ਨੂੰ ਬੜੇ ਚਾਅ ਨਾਲ ਲੜਾਈਆਂ ਵਿੱਚ ਭੇਜਦੀਆਂ ਆਖ ਰਹੀਆਂ ਹਨ:

ਜਾ ਵੇ ਸਿਪਾਹੀਆਂ ਜਾਵੀਂ ਛੇਤੀ,
ਬਹੁਤੀ ਦੇਰ ਨਾ ਲਾਈਂ।
ਸ਼ੇਰਾਂ ਵਾਂਗੂ ਪਾਲੀ ਅਣਖ ਨੂੰ,
ਪਿੱਠ ਨਾ ਕਦੇ ਵਿਖਾਈਂ।

ਪੰਜਾਬ ਵਿੱਚ ਅਨੇਕਾਂ ਧਰਮ ਤੇ ਪੀਰ ਫਕੀਰ ਹੋਏ ਹਨ, ਜਿਨ੍ਹਾਂ ਦੀਆਂ ਰਹੁ-ਰੀਤਾਂ ਤੇ ਪੂਜਾ ਵਿਧੀਆਂ ਨਿਵੇਕਲੀਆਂ ਹਨ। ਵੱਖੋ-ਵੱਖ ਧਰਮਾਂ ਦੇ ਲੋਕ ਸਾਰਿਆਂ ਧਰਮਾਂ ਦੇ ਦਿਨ-ਤਿਓਹਾਰ ਸਾਂਝੇ ਤੌਰ 'ਤੇ ਮਨਾਉਂਦੇ ਆਏ ਹਨ। ਪੰਜਾਬੀ ਲੋਕ ਗੀਤਾਂ ਵਿੱਚ ਵੀ ਇਹ ਸਾਂਝ ਦੇਖਣ ਨੂੰ ਮਿਲਦੀ ਹੈ।

ਦੇਵੀ ਦੀ ਮੈਂ ਕਰਾਂ ਕੜਾਹੀ, ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬੱਕਰਾ, ਨੰਗੇ ਪੈਰੀਂ ਜਾਵਾਂ।
ਹਨੂੰਮਾਨ ਦੀ ਦੇਵਾਂ ਮੰਨੀ, ਰਤੀ ਫਰਕ ਨਾ ਪਾਵਾਂ।
ਨੀਂ ਮਾਤਾ ਭਗਤੀਏ, ਮੈਂ ਤੇਰਾ ਜਸ ਗਾਵਾਂ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਲੋਕ ਗੀਤ ਪੰਜਾਬੀਆਂ ਦੇ ਰੋਮ-ਰੋਮ ਵਿੱਚ ਰਚੇ ਹੋਏ ਹਨ। ਉਨ੍ਹਾਂ ਦਾ ਕੋਈ ਅਜਿਹਾ ਮੌਕਾ ਨਹੀਂ, ਜਿੱਥੇ ਲੋਕ ਗੀਤ ਨਾ ਗਾਏ ਜਾਂਦੇ ਹੋਣ। ਪੰਜਾਬੀ ਲੋਕ ਗੀਤ ਪੰਜਾਬੀ ਜੀਵਨ ਤੇ ਸੱਭਿਆਚਾਰ ਦਾ ਦਰਪਣ ਹਨ। ਪੰਜਾਬ ਦੇ ਲੋਕਾਂ ਦੀ ਇਹ ਆਤਮਾ ਹਨ।






## ਜਨਮ ਅਸਥਾਨ ਗੁਰੂ ਰਾਮਦਾਸ ਜੀ, ਚੂਨਾ ਮੰਡੀ, ਲਾਹੌਰ



ਇਸ ਅਸਥਾਨ ਉੱਤੇ 24 ਅੱਸੂ ਸੰਮਤ 1591 (24 ਸਤੰਬਰ 1534) ਨੂੰ ਸਤਿਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਹੋਇਆ । ਸਤਿਗੁਰੂ ਜੀ ਨੇ ਉਮਰ ਦੇ ਪਹਿਲੇ ਸੱਤ ਸਾਲ ਇੱਥੇ ਹੀ ਗੁਜ਼ਾਰੇ। ਇਹ ਅਸਥਾਨ ਚੂਨਾ ਮੰਡੀ ਬਜ਼ਾਰ ਵਿੱਚ ਹੈ। ਗੁਰੂ ਸਾਹਿਬ ਦਾ ਜੱਦੀ ਮਕਾਨ ਬਹੁਤ ਛੋਟਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ "ਨਕੀਈਨ" ਨੇ ਆਪਣੇ ਸਪੁੱਤਰ ਖੜਕ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ ਇਸ ਯਾਦਗਾਰ ਅਸਥਾਨ ਤੇ ਨਵੀਂ ਇਮਾਰਤ ਬਣਵਾਈ । ਇਹ 122/6% 97- 6 ਫੁੱਟ ਦੀ ਵਿਸ਼ਾਲ ਇਮਾਰਤ ਹੈ । ਇਸ ਇਤਿਹਾਸਕ ਇਮਾਰਤ ਦਾ ਨਕਸ਼ਾ ਹਰਿਮੰਦਰ ਸਾਹਿਬ ਜੀ ਨਾਲ ਮਿਲਦਾ ਜੁਲਦਾ ਹੈ। ਪੱਛਮ ਵੱਲ ਖੁੱਲਾ ਵਿਹੜਾ ਹੈ । ਨਿਸ਼ਾਨ ਸਾਹਿਬ ਦੱਖਣ ਪੱਛਮ ਕੋਨੇ ਵਿੱਚ ਹੈ । ਸਿੰਘ ਸਭਾ ਲਹਿਰ ਦਾ ਅਰੰਭ ਇਸੇ ਸਥਾਨ ਤੋਂ ਹੀ ਹੋਇਆ ਸੀ । 1927 ਤੋ 1947 ਤੱਕ ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਰਿਹਾ। ਹੁਣ ਮਹਿਕਮਾ ਔਕਾਫ ਕੋਲ ਹੈ। ਇਸ ਅਸਥਾਨ ਦੇ ਨਾਂ ਅੱਠ ਦੁਕਾਨਾਂ ਹਨ ।

## ਵਿਅੰਗ

## ਗਰੀਬੀ ਨਹੀਂ, ਗਰੀਬ ਖਤਮ ਕਰ ਦਿਆਂਗੇ : ਪਿੰਕਾ ਦਿਮਾਗੀ

-ਅਜੈ ਕੁਮਾਰ-

ਅਗਲੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਖਾਓ-ਪੀਓ ਨੈਸ਼ਨਲ ਫਰੰਟ ਦੇ ਰਾਜਸੀ ਵਿੰਗ ਖਾਸ ਆਦਮੀ ਪਾਰਟੀ ਨੇ ਇੱਕ ਗੁਪਤ ਮੀਟਿੰਗ ਸਤਲੁਜ ਦਰਿਆ ਦੇ ਕੰਢੇ ਆਮ ਤੌਰ 'ਤੇ ਪੁਲਸ ਨਾਲ ਰਲ ਕੇ ਚੋਰੀ ਰੇਤਾ ਕੱਢਣ ਵਾਲੇ ਬਿੱਟੂ ਲੁੱਚੇ ਦੇ ਘਰ ਕੀਤੀ, ਜਿਸ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਟੀ ਨੇ ਦੋ ਸੂਤਰੀ ਪ੍ਰੋਗਰਾਮ ਉੱਤੇ ਅਮਲ ਕਰਨ ਲਈ ਪਾਰਟੀ ਦੇ ਹਰ ਵਰਕਰ ਨੂੰ ਲਾਮਬੰਦ ਹੋਣ ਲਈ ਕਿਹਾ। ਜ਼ਿਕਰ ਯੋਗ ਹੈ ਕਿ ਚੋਣਾਂ ਤੋਂ ਪਹਿਲਾਂ ਦੋ ਸੂਤਰੀ ਪ੍ਰੋਗਰਾਮ ਦੇ ਤਹਿਤ ਪਹਿਲਾ ਕੰਮ ਵੱਡੇ ਤੋਂ ਵੱਡਾ ਝੂਠ ਬੋਲ ਕੇ ਵੋਟਰ ਨੂੰ ਫਸਾਉਣਾ ਅਤੇ ਫੁਸਲਾਉਣਾ, ਦੂਜਾ ਕੰਮ ਇਮਾਨਦਾਰਾਂ ਨੂੰ ਛੱਡ ਕੇ ਉਸ ਬੰਦੇ ਤੋਂ ਚੰਦਾ ਲੈਣਾ, ਜਿਹੜਾ ਪੰਜਾਬ ਨੂੰ ਬਰਬਾਦ ਕਰ ਸਕਣ ਦੀ ਤਮੰਨਾ ਰੱਖਦਾ ਹੋਵੇ। ਮੀਟਿੰਗ ਵਿੱਚ ਇਹ ਵੀ ਤੈਅ ਕੀਤਾ ਗਿਆ ਕਿ ਸੱਤਾ ਆਉਣ ਪਿੱਛੋਂ ਇਸੇ ਤਰ੍ਹਾਂ ਪਾਰਟੀ ਦੇ ਸਿਰਫ ਦੋ ਸੂਤਰੀ ਪ੍ਰੋਗਰਾਮ 'ਤੇ ਕੰਮ ਕੀਤਾ ਜਾਵੇਗਾ। ਪਹਿਲਾ ਕੰਮ ਰੱਜ ਕੇ ਲੁੱਟਣਾ ਅਤੇ ਦੂਜਾ ਕੰਮ ਖਿਲਾਫ ਬੋਲਣ ਵਾਲੇ ਨੂੰ ਕੁੱਟਣਾ ਹੋਵੇਗਾ। ਇਸ ਮੀਟਿੰਗ ਵਿੱਚ ਤੈਅ ਕੀਤਾ ਗਿਆ ਕਿ ਸਰਕਾਰ ਆਉਣ ਉੱਤੇ ਰੇਤਾ, ਸ਼ਰਾਬ, ਦੜੇ-ਸੱਟੇ ਦਾ ਠੇਕਾ ਨਵੇਂ ਬੰਦਿਆਂ ਨੂੰ ਦੇਣ ਦੀ ਥਾਂ ਮੌਜੂਦਾ ਬੰਦਿਆਂ ਤੋਂ ਪਾਰਟੀ ਫੰਡ ਦੇ ਨਾਂਅ 'ਤੇ 10 ਗੁਣਾ ਵੱਧ ਰੇਟ ਵਧਾ ਕੇ ਸੈਟਿੰਗ ਕੀਤੀ ਜਾਵੇਗੀ ਤਾਂ ਜੋ ਪੰਜਾਬੀਆਂ ਦੀ ਪੂਰੀ ਤਰ੍ਹਾਂ ਅਕਲ ਟਿਕਾਣੇ ਲਿਆਂਦੀ ਜਾ ਸਕੇ।

ਮੀਟਿੰਗ ਦੌਰਾਨ ਸੀਨੀਅਰ ਉਪ ਪ੍ਰਧਾਨ ਪਿੰਕੇ ਦਿਮਾਗੀ ਨੇ ਕਿਹਾ ਕਿ ਸਾਡੀ ਪਾਰਟੀ ਦੀ ਸਰਕਾਰ ਆਉਣ ਉਤੇ ਅਸੀਂ ਗਰੀਬੀ ਦੂਰ ਕਰਨ ਦੀ ਥਾਂ ਗਰੀਬਾਂ ਨੂੰ ਟਿਕਾਣੇ ਲਾਉਣ ਦਾ ਕੰਮ ਕਰਾਂਗੇ ਤੇ ਅਜਿਹੇ ਸਖਤ ਕਾਨੂੰਨ ਲੈ ਕੇ ਆਵਾਂਗੇ ਕਿ ਗਰੀਬ ਬੰਦਾ ਆਪੇ ਪੰਜਾਬ ਛੱਡ ਕੇ ਕਿਸੇ ਹੋਰ ਪਾਸੇ ਖਿਸਕ ਜਾਵੇਗਾ। ਪਾਰਟੀ ਦੀ ਜਨਰਲ ਸਕੱਤਰ ਰੇਖਾ ਚਤਰ ਨੇ ਦੱਸਿਆ ਕਿ ਪੰਜਾਬ ਦੇ ਹਰ ਪਿੰਡ ਦੀਆਂ ਸੱਥਾਂ ਅਤੇ ਸ਼ਹਿਰ ਦੀਆਂ ਸਾਰੀਆਂ ਗਲੀਆਂ ਤੇ ਮੁੱਖ ਚੌਰਾਹਿਆਂ 'ਤੇ ਪਾਰਟੀ ਦੇ ਚੋਣ ਨਿਸ਼ਾਨ 'ਜੁੱਤੀ' ਦੇ ਵੱਡੇ ਹੋਰਡਿੰਗ ਤੇ ਪੋਸਟਰ ਦੋ ਦਿਨਾਂ ਦੇ ਅੰਦਰ ਲਾ ਦਿੱਤੇ ਜਾਣਗੇ ਤਾਂ ਜੋ ਲੋਕਾਂ ਦੇ ਦਿਲੋ-ਦਿਮਾਗ 'ਤੇ ਪਾਰਟੀ ਦਾ ਚੋਣ ਨਿਸ਼ਾਨ 'ਜੁੱਤੀ' ਛਾ ਜਾਵੇ ਅਤੇ ਵੋਟਾਂ ਦੀ ਗਿਣਤੀ ਵੇਲੇ ਈ ਵੀ ਐੱਮ ਮਸ਼ੀਨ ਵੀ ਜੁੱਤੀ ਨੂੰ ਪਈਆਂ ਵੋਟਾਂ ਗਿਣਦੀ-ਗਿਣਦੀ ਥੱਕ ਜਾਵੇ।

ਇਸ ਮੀਟਿੰਗ 'ਚ ਇਮਾਨਦਾਰ ਅਫਸਰਾਂ ਬਾਰੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ ਤੇ ਨਾ ਵਿਕਣ ਵਾਲੇ ਵੋਟਰਾਂ ਦਾ ਵੀ ਖਾਸਾ ਫਿਕਰ ਕੀਤਾ ਗਿਆ। ਰੇਖਾ ਵਿਹਲੀ ਨੇ ਪਾਰਟੀ ਦੇ ਪਿਛਲੇ 15 ਸਾਲਾਂ ਦਾ ਹਿਸਾਬ ਦੇ ਕੇ ਦੱਸਿਆ ਕਿ ਪਾਰਟੀ ਦੇ ਲੀਡਰਾਂ ਅਤੇ ਵਰਕਰਾਂ ਨੇ ਕਈ ਸਾਲਾਂ ਤੋਂ ਕਦੇ ਵੀ ਪਾਣੀ ਅਤੇ ਬਿਜਲੀ ਦਾ ਬਿੱਲ ਨਹੀਂ ਤਾਰਿਆ ਅਤੇ ਨਾ ਕਿਸੇ ਤੋਂ ਉਧਾਰ ਲੈ ਕੇ ਮੋੜਿਆ ਹੈ, ਜਿਸ ਨਾਲ ਪਾਰਟੀ ਦਾ ਮਾਣ ਦਿਨ ਦੁੱਗਣਾ ਰਾਤ ਚੌਗੁਣਾ ਵਧ ਰਿਹਾ ਹੈ। ਇਸ ਮੌਕੇ 'ਤੇ ਬੇਸੁਰਾ ਗਾਇਕ ਸ਼ੰਮੀ ਕਊਏ ਦੀ 18 ਗਾਣਿਆਂ ਦੀ ਡੀ ਵੀ ਡੀ ਜਾਰੀ ਕੀਤੀ ਗਈ, ਜਿਸ ਦਾ ਟਾਈਟਲ ਗੀਤ 'ਗਰੀਬਾਂ ਦੇ ਜੁੱਤੀ ਵਰ੍ਹਨੀ ਚਾਹੀਦੀ' ਨੂੰ ਪਾਰਟੀ ਦੇ ਲੀਡਰਾਂ ਅਤੇ ਪੱਤਰਕਾਰਾਂ ਨੇ ਬਹੁਤ ਸਰਾਹਿਆ।

ਇਸ ਮੌਕੇ ਪਾਰਟੀ ਨੇ ਉਨ੍ਹਾਂ ਖਾਸ ਵਰਕਰਾਂ ਨੂੰ ਵੀ ਸਨਮਾਨਤ ਕੀਤਾ ਜਿਹੜੇ ਲੋਕਾਂ ਨੂੰ ਕੁੰਡੀ ਪਾ ਕੇ ਬਿਜਲੀ ਚੋਰੀ ਕਰਨ ਦੀਆਂ ਨਵੀਆਂ ਤਰਕੀਬਾਂ ਦੱਸਦੇ ਹਨ। ਇਸ ਮੀਟਿੰਗ 'ਚ ਦਿਨ ਰਾਤ ਪਾਰਟੀ ਲਈ ਇਮਾਨਦਾਰੀ ਨਾਲ ਕੰਮ ਕਰਨ ਲਈ ਅਤੇ ਪੰਜਾਬ ਨੂੰ ਨਸ਼ਾ ਮੁਫਤ ਬਣਾਉਣ ਲਈ ਵੀ ਪ੍ਰਣ ਕੀਤਾ ਗਿਆ। ਇਸ ਮੌਕੇ 'ਤੇ ਜੇਲ੍ਹਾਂ ਤੋਂ ਭੱਜੇ ਕੈਦੀ ਮੁੜ ਫੜੇ ਜਾਣ ਬਾਰੇ ਪੰਜ ਮਿੰਟ ਮੌਨ ਵਰਤ ਰੱਖ ਕੇ ਅਫਸੋਸ ਕੀਤਾ ਗਿਆ। ਇਸ ਮੌਕੇ ਮੀਟਿੰਗ ਵਿੱਚ ਸ਼ਾਮਾ ਗੱਪੀ, ਸੰਨੀ ਦਲੇਰ, ਬੱਬੂ ਡਰਪੋਕ, ਵੀਨਾ ਸਿੱਧੀ, ਕੰਮੋ ਮਤਲਬੀ, ਅਮਨ ਸਿਰਫਿਰੀ, ਰਜਨੀ ਕਠੋਰ, ਸਾਹਿਬ ਫਾਈਟਰ, ਨੰਨ੍ਹਾ ਫੁਕਾਰ, ਸ਼ਸ਼ੀ ਬਲੈਕਮੇਲਰ, ਰਾਜਨ ਠੀਕ-ਠਾਕ, ਰਿੰਕੂ ਸ਼ਾਇਰ, ਵਿਜੇ ਜ਼ਾਲਮ, ਸੋਨੂੰ ਪ੍ਰੇਮੀ, ਅਜੈ ਮੂਰਖ, ਰਾਜਿੰਦਰ ਆਬਾਦੀ ਅਤੇ ਬੰਸੋ ਚੁਗਲਖੋਰ ਆਦਿ ਸ਼ਾਮਲ ਸਨ।

## ਅੱਤਵਾਦ ਦੀ ਪਰਿਭਾਸ਼ਾ ਬਾਰੇ ਦੁਨੀਆਂ ਇਕਮਤ ਨਹੀਂ

-ਆਕਾਰ ਪਟੇਲ-

ਚੇ ਗੁਵੇਰਾ ਸਰਹੱਦ ਪਾਰ ਅੱਤਵਾਦੀ ਸੀ। ਉਹ ਇੱਕ ਡਾਕਟਰ ਸੀ, ਜਿਸ ਨੂੰ ਅੱਜ ਦੁਨੀਆ ਦੇ ਲੋਕ ਆਦਰਸ਼ ਇਨਕਲਾਬੀ ਮੰਨਦੇ ਹਨ। ਸਾਲ 1959 'ਚ 31 ਸਾਲ ਦੀ ਉਮਰ ਵਿੱਚ ਚੇ ਭਾਰਤ ਆਇਆ ਅਤੇ ਉਸ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਦਿੱਲੀ ਵਿੱਚ ਉਨ੍ਹਾਂ ਦੇ ਘਰ 'ਚ ਰਾਤਰੀ ਭੋਜ ਕੀਤਾ। ਉਸ ਨੇ ਦੋ ਕਿਤਾਬਾਂ ਲਿਖੀਆਂ, ਜੋ ਕਾਫੀ ਮਸ਼ਹੂਰ ਹਨ, ਇਨ੍ਹਾਂ ਵਿੱਚੋਂ ਇੱਕ ਦਾ ਨਾਂਅ 'ਬੋਲੀਵੀਆ ਡਾਇਰੀ' ਅਤੇ ਦੂਸਰੀ ਦਾ ਨਾਂਅ 'ਮੋਟਰ ਸਾਈਕਲ ਡਾਇਰੀਜ਼' (ਜਿਸ ਦੇ ਉਪਰ 2004 ਵਿੱਚ ਐਵਾਰਡ ਵਿਨਰ ਫਿਲਮ ਬਣੀ) ਹੈ।

ਚੇ ਦੀ ਪ੍ਰਸਿੱਧੀ ਉਨ੍ਹਾਂ ਦੀ ਇਸ ਇੱਛਾ ਕਾਰਨ ਹੋਈ ਕਿ ਉਹ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਹਿੰਸਕ ਮਾਧਿਅਮਾਂ ਦੀ ਵਰਤੋਂ ਕਰਨਾ ਚਾਹੁੰਦੇ ਸਨ। ਚੇ ਅਰਜਨਟੀਨਾ ਦਾ ਵਾਸੀ ਸੀ, ਪਰ ਬਤਿਸਰਾ ਦੀ ਸਰਕਾਰ ਵਿਰੁੱਧ ਫਿਦੇਲ ਕਾਸਟਰੋ ਦਾ ਗ੍ਰਹਿ ਯੁੱਧ ਲੜਨ ਲਈ ਉਹ ਕਿਊਬਾ ਗਿਆ। ਉਸ ਤੋਂ ਬਾਅਦ ਬੈਰਿੰਟੋਸ ਦੀ ਸਰਕਾਰ ਵਿਰੁੱਧ ਗੁਰਿੱਲਾ ਜੰਗ ਲੜਨ ਲਈ ਉਹ ਬੋਲੀਵੀਆ ਗਿਆ। ਚੇ ਦੀ ਆਪਣੀ ਕਿਤਾਬ ਵਿੱਚ ਲਿਖੀ ਘਟਨਾ ਅਨੁਸਾਰ ਇਥੇ ਉਸ ਨੇ ਤੇ ਉਸ ਦੇ ਲੋਕਾਂ ਨੇ ਕਈ ਫੌਜੀਆਂ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ। 1967 'ਚ 39 ਸਾਲ ਦੀ ਉਮਰ ਵਿੱਚ ਫੌਜ ਵੱਲੋਂ ਚੇ ਗੇਵਾਰਾ ਨੂੰ ਗ੍ਰਿਫਤਾਰ ਕਰ ਕੇ ਮਾਰ ਦਿੱਤਾ ਗਿਆ।

ਜਾਰਜ ਓਰਵੈਲ ਸਰਹੱਦ ਪਾਰ ਅੱਤਵਾਦੀ ਸੀ। ਉਸ ਦਾ ਜਨਮ ਬਿਹਾਰ ਦੇ ਮੋਤੀਹਾਰੀ 'ਚ ਹੋਇਆ ਸੀ। ਉਹ ਇੱਕ ਪੁਲਸ ਅਧਿਕਾਰੀ ਸੀ। ਸਰਕਾਰੀ ਸੇਵਾ ਤੋਂ ਬਾਅਦ ਉਸ ਨੇ ਕਈ ਕਿਤਾਬਾਂ ਲਿਖੀਆਂ, ਜਿਸ ਨਾਲ ਉਹ ਇਤਿਹਾਸ ਦੇ ਸਭ ਤੋਂ ਪ੍ਰਭਾਵਸ਼ਾਲੀ ਲੇਖਕਾਂ 'ਚੋਂ ਇੱਕ ਬਣ ਗਿਆ। ਉਸ ਦੀਆਂ ਕਿਤਾਬਾਂ ਵਿੱਚ '1984' ਅਤੇ 'ਐਨੀਮਲ ਫਾਰਮ' ਸ਼ਾਮਲ ਹਨ। 'ਐਨੀਮਲ ਫਾਰਮ' ਨਾਂਅ ਦੀ ਕਿਤਾਬ ਦਾ ਜ਼ਿਕਰ ਕਾਰਗਿਲ ਜੰਗ ਦੌਰਾਨ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਕੀਤਾ ਸੀ, ਜਦੋਂ ਉਸ ਨੇ ਪਾਕਿਸਤਾਨ ਵੱਲੋਂ 'ਓਰਵਿਲੀਅਨ ਲੌਜਿਕ' ਦੀ ਵਰਤੋਂ ਕਰਨ ਬਾਰੇ ਗੱਲ ਕੀਤੀ ਸੀ। ਬਹੁਤ ਸਾਰੇ ਆਧੁਨਿਕ ਲੇਖਕ ਸਮੇਂ ਦੇ ਨਾਲ ਗੈਰ-ਪ੍ਰਸੰਗਿਕ ਹੋ ਜਾਂਦੇ ਹਨ, ਪਰ ਓਰਵੈਲ ਉਨ੍ਹਾਂ ਲੇਖਕਾਂ ਵਿੱਚੋਂ ਹਨ, ਜਿਨ੍ਹਾਂ ਦੀ ਸ਼ਲਾਘਾ ਅੱਜ ਵੀ ਕੀਤੀ ਜਾਂਦੀ ਹੈ। ਓਰਵੈਲ ਨੂੰ ਹਿੰਸਾ ਦੀ ਵਰਤੋਂ ਕਰਨ ਤੋਂ ਕੋਈ ਪ੍ਰਹੇਜ਼ ਨਹੀਂ ਸੀ। ਉਹ ਇੱਕ ਬ੍ਰਿਟਿਸ਼ ਨਾਗਰਿਕ ਸੀ, ਪਰ 1937 ਵਿੱਚ ਸਪੇਨ ਗਿਆ ਅਤੇ ਜਨਰਲ ਫਰੈਂਕੋ ਵਿਰੁੱਧ ਗ੍ਰਹਿ ਯੁੱਧ 'ਚ ਹਿੱਸਾ ਲਿਆ। ਓਰਵੈਲ ਨੇ ਆਪਣੇ ਤਜਰਬਿਆਂ ਬਾਰੇ ਇੱਕ ਕਿਤਾਬ ਲਿਖੀ, ਜਿਸ ਦਾ ਨਾਂਅ 'ਹੋਮੇਜ ਟੂ ਕੈਟਾਲੋਨੀਆ' ਸੀ, ਜਿਸ ਵਿੱਚ ਉਹ ਲਿਖਦਾ ਹੈ ਕਿ ਉਸ ਨੇ ਇੱਕ ਆਦਮੀ ਨੂੰ ਬੰਬ ਨਾਲ ਮਾਰਿਆ ਅਤੇ ਉਹ ਖੁਦ ਵੀ ਇੱਕ ਧਮਾਕੇ ਵਿੱਚ ਜ਼ਖਮੀ ਹੋ ਗਿਆ ਸੀ।

ਇਸ ਦੇ ਬਾਅਦ ਮੈਂ ਇਸ ਗੱਲ ਉੱਤੇ ਆਵਾਂ ਕਿ ਮੈਂ ਇਨ੍ਹਾਂ ਗੱਲਾਂ ਦਾ ਜ਼ਿਕਰ ਕਿਉਂ ਕਰ ਰਿਹਾ ਹਾਂ? ਸ਼ੁੱਕਰਵਾਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਯੂ ਐਨ ਜਨਰਲ ਅਸੈਂਬਲੀ ਵਿੱਚ ਹੇਠ ਲਿਖੀਆਂ ਗੱਲਾਂ ਕਹੀਆਂ, "ਯੂ ਐਨ ਸ਼ਾਂਤੀ ਸੈਨਾ ਦੇ ਮਿਸ਼ਨ ਤਹਿਤ ਸਭ ਤੋਂ ਵੱਧ ਕੁਰਬਾਨੀਆਂ ਭਾਰਤੀ ਫੌਜੀਆਂ ਨੇ ਦਿੱਤੀਆਂ ਹਨ। ਅਸੀਂ ਉਸ ਦੇਸ਼ ਨਾਲ ਸੰਬੰਧ ਰੱਖਦੇ ਹਾਂ, ਜਿਸ ਨੇ ਦੁਨੀਆ ਨੂੰ ਯੁੱਧ ਨਹੀਂ, ਸਗੋਂ ਬੁੱਧ ਦਾ ਸ਼ਾਂਤੀ ਦਾ ਸੰਦੇਸ਼ ਦਿੱਤਾ ਤੇ ਇਸੇ ਕਾਰਨ ਅੱਤਵਾਦ ਵਿਰੁੱਧ ਸਾਡੀ ਆਵਾਜ਼ ਦੁਨੀਆ ਨੂੰ ਇਸ ਬੁਰਾਈ ਬਾਰੇ ਚਿਤਾਵਨੀ ਦੇਣ ਲਈ, ਗੰਭੀਰਤਾ ਤੇ ਗੁੱਸੇ ਨਾਲ ਭਰੀ ਹੋਈ ਹੈ। ਸਾਡੀ ਸੋਚ ਹੈ ਕਿ ਇਹ ਨਾ ਸਿਰਫ ਕਿਸੇ ਇੱਕ ਦੇਸ਼ ਲਈ, ਸਗੋਂ ਪੂਰੇ ਵਿਸ਼ਵ ਅਤੇ ਮਨੁੱਖਤਾ ਲਈ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇੱਕ ਹੈ। ਅੱਤਵਾਦ ਦੇ ਮਸਲੇ 'ਤੇ ਸਾਡੇ ਲੋਕਾਂ ਵਿੱਚ ਸਰਬ ਸੰਮਤੀ ਦੀ ਘਾਟ ਉਨ੍ਹਾਂ ਸਿਧਾਂਤਾਂ ਨੂੰ ਨੁਕਸਾਨ ਪੁਚਾਉਂਦੀ ਹੈ, ਜਿਹੜੇ ਯੂ ਐੱਨ ਦੀ ਸਥਾਪਨਾ ਦੇ ਆਧਾਰ ਹਨ ਅਤੇ ਇਸ ਲਈ ਮਨੁੱਖਤਾ ਦੀ ਭਲਾਈ ਲਈ ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਇਹ ਬਹੁਤ ਜ਼ਰੂਰੀ ਹੈ ਕਿ ਪੂਰਾ ਵਿਸ਼ਵ ਅੱਤਵਾਦ ਵਿਰੁੱਧ ਇਕਜੁੱਟ ਹੋਵੇ ਅਤੇ ਵਿਸ਼ਵ ਅੱਤਵਾਦ ਵਿਰੁੱਧ ਖੜ੍ਹਾ ਹੋਵੇ।"

ਪ੍ਰਧਾਨ ਮੰਤਰੀ ਸਹੀ ਕਹਿ ਰਹੇ ਹਨ; ਦੁਨੀਆ ਵਿੱਚ ਅੱਤਵਾਦ ਦੇ ਮੁੱਦੇ 'ਤੇ ਸਰਬ ਸੰਮਤੀ ਦੀ ਘਾਟ ਹੈ। ਸਵਾਲ ਇਹ ਹੈ ਕਿ ਅਜਿਹਾ ਕਿਉਂ ਹੈ? ਇਸ ਦਾ ਜਵਾਬ ਇਹ ਹੈ ਕਿ ਇਸ ਗੱਲ ਦੀ ਕੋਈ ਸਵੀਕਾਰਨ ਯੋਗ ਪਰਿਭਾਸ਼ਾ ਨਹੀਂ ਹੈ ਕਿ ਅੱਤਵਾਦ ਕੀ ਹੈ ਅਤੇ ਅੱਤਵਾਦੀ ਕੌਣ ਹੈ? ਭਾਰਤ ਦਾ ਪਹਿਲਾ ਅੱਤਵਾਦ ਰੋਕੂ ਕਾਨੂੰਨ, 'ਟਾਡਾ', ਜੋ ਕਾਂਗਰਸ ਦੀ ਦੇਣ ਸੀ, ਵਿੱਚ ਕਿਹਾ ਗਿਆ ਹੈ; "ਜੋ ਕੋਈ ਵੀ ਕਾਨੂੰਨ ਵੱਲੋਂ ਸਥਾਪਤ ਸਰਕਾਰ ਨੂੰ ਡਰਾਉਣ ਦੀ ਮਨਸ਼ਾ ਨਾਲ ਜਾਂ ਜਨਤਾ ਜਾਂ ਜਨਤਾ ਦੇ ਕਿਸੇ ਵਰਗ ਵਿੱਚ ਭੈਅ ਪੈਦਾ ਕਰਨ ਜਾਂ ਲੋਕਾਂ ਦੇ ਕਿਸੇ ਵਰਗ ਨੂੰ ਵੱਖ ਕਰਨ ਜਾਂ ਜਨਤਾ ਦੇ ਵੱਖ-ਵੱਖ ਵਰਗਾਂ 'ਚ ਸੁਹਿਰਦਤਾ ਨੂੰ ਖਰਾਬ ਕਰਨ ਲਈ ਬੰਬ, ਡਾਇਨਾਮਾਈਟ ਜਾਂ ਹੋਰ ਵਿਸਫੋਟਕ ਸਮੱਗਰੀ ਜਾਂ ਜਲਣਸ਼ੀਲ ਸਮੱਗਰੀ ਜਾਂ ਪਟਾਕਿਆਂ ਜਾਂ ਹੋਰ ਘਾਤਕ ਹਥਿਆਰਾਂ ਜਾਂ ਜ਼ਹਿਰੀਲੀਆਂ ਗੈਸਾਂ ਜਾਂ ਹੋਰ ਕੈਮੀਕਲਜ਼ ਜਾਂ ਹੋਰ ਖਤਰਨਾਕ ਕੁਦਰਤੀ ਚੀਜ਼ਾਂ ਦੀ ਵਰਤੋਂ ਨਾਲ ਇਸ ਤਰ੍ਹਾਂ ਦੀ ਕਾਰਵਾਈ ਕਰਦਾ ਹੈ, ਜਿਸ ਤਰ੍ਹਾਂ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਮੌਤ ਹੋ ਸਕਦੀ ਹੈ ਜਾਂ ਉਹ ਜ਼ਖਮੀ ਹੋ ਸਕਦੇ ਹਨ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚ ਸਕਦਾ ਹੈ ਜਾਂ ਭਾਈਚਾਰੇ ਦੇ ਜੀਵਨ ਲਈ ਜ਼ਰੂਰੀ ਵਸਤਾਂ ਦੀ ਸਪਲਾਈ ਵਿੱਚ ਵਿਘਨ ਪਾਉਂਦਾ ਹੈ, ਉਹ ਅੱਤਵਾਦੀ ਕਾਰਵਾਈ ਨੂੰ ਅੰਜਾਮ ਦਿੰਦਾ ਹੈ।"

ਇਸ ਤਰ੍ਹਾਂ ਭਾਰਤ ਮਹਿਸੂਸ ਕਰਦਾ ਸੀ ਕਿ ਬੰਬ ਅਤੇ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਵਾਲਾ ਵਿਅਕਤੀ ਵੀ ਉਹੀ ਅਪਰਾਧ ਕਰਦਾ ਹੈ, ਜੋ ਜਾਇਦਾਦ ਨੂੰ ਨੁਕਸਾਨ ਪੁਚਾਉਣ ਜਾਂ ਸਪਲਾਈ ਵਿੱਚ ਅੜਿਕਾ ਪੈਦਾ ਕਰਨ ਵਾਲਾ ਕਰਦਾ ਹੈ। ਸਾਡਾ ਦੂਜਾ ਅੱਤਵਾਦ ਰੋਕੂ ਕਾਨੂੰਨ 'ਪੋਟਾ', ਜੋ ਭਾਜਪਾ ਦੀ ਦੇਣ ਹੈ, ਅੱਤਵਾਦ ਨੂੰ ਅਜਿਹੀ ਕਾਰਵਾਈ ਦੇ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ, ਜੋ "ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ ਅਤੇ ਪ੍ਰਭੁਸੱਤਾ ਨੂੰ ਚੁਣੌਤੀ ਦਿੰਦਾ ਹੋਵੇ ਜਾਂ ਜਨਤਾ ਜਾਂ ਜਨਤਾ ਦੇ ਕਿਸੇ ਵਰਗ 'ਚ ਡਰ ਪੈਦਾ ਕਰਦਾ ਹੋਵੇ।" ਅੱਤਵਾਦ ਬਾਰੇ ਇਸ ਤਰ੍ਹਾਂ ਦੀ ਅਸਪੱਸ਼ਟ ਪਰਿਭਾਸ਼ਾ ਕਾਰਨ ਦੁਚਿੱਤੀ ਦੀ ਸਥਿਤੀ ਪੈਦਾ ਹੋਈ, ਜਿਸ ਨਾਲ ਅੱਤਵਾਦ ਨਾਲ ਜੁੜੇ ਮਾਮਲਿਆਂ ਦੀ ਦੁਨੀਆ ਭਰ ਵਿੱਚ ਦੋਸ਼ ਸਿੱਧੀ ਦੀ ਦਰ ਬਹੁਤ ਘੱਟ ਹੈ। 'ਟਾਡਾ' ਦੀ ਦੋਸ਼ ਸਿੱਧੀ ਦਰ ਇੱਕ ਫੀਸਦੀ ਸੀ ਅਤੇ 'ਪੋਟਾ' ਦੀ ਇੱਕ ਫੀਸਦੀ ਤੋਂ ਘੱਟ। ਇਸ ਪਰਿਭਾਸ਼ਾ ਨੂੰ ਤੇਜ਼ ਕਰਨ 'ਤੇ ਧਿਆਨ ਦੇਣਾ ਚਾਹੀਦਾ ਸੀ, ਪਰ ਭਾਰਤ ਵਿੱਚ ਚੰਗਾ ਕਾਨੂੰਨ ਬਣਾਉਣਾ ਕਾਨੂੰਨ ਘਾੜਿਆਂ ਦਾ ਮੁੱਢਲਾ ਕੰਮ ਨਹੀਂ ਹੈ। ਭਾਰਤ ਵਿੱਚ ਹਥਿਆਰਬੰਦ ਲੋਕਾਂ ਵੱਲੋਂ ਨਿਹੱਥੇ ਲੋਕਾਂ 'ਤੇ ਹਮਲਾ ਅੱਤਵਾਦ ਹੈ। ਹਥਿਆਰਬੰਦ ਲੋਕਾਂ 'ਤੇ ਹੋਰ ਹਥਿਆਰਬੰਦ ਲੋਕਾਂ ਵੱਲੋਂ ਹਮਲਾ ਵੀ ਅੱਤਵਾਦ ਹੈ। ਅੱਤਵਾਦੀਆਂ ਵੱਲੋਂ ਫੌਜੀ ਕੈਂਪ 'ਤੇ ਹਮਲਾ ਕਰਨਾ ਵੀ ਅੱਤਵਾਦ ਹੈ, ਪਰ ਉਦੋਂ ਇਹ ਗੱਲ ਮਾਇਨੇ ਰੱਖਦੀ ਹੈ ਕਿ ਹਮਲਾਵਰ ਕੌਣ ਹੈ। ਲੋਕਾਂ ਨੂੰ ਡਰਾਉਣ ਲਈ ਘੱਟ ਗਿਣਤੀਆਂ 'ਤੇ ਹਮਲਾ ਕਰਨ ਵਾਲੇ ਕਿਸੇ ਸਮੂਹ ਨੂੰ ਦੰਗਾਈ ਜਾਂ ਲਿੰਚਰਜ਼ ਕਿਹਾ ਜਾਂਦਾ ਹੈ। ਇੱਕੋ ਕਿਸਮ ਨਾਲ ਕੀਤੇ ਗਏ ਇੱਕ ਹੀ ਅਪਰਾਧ ਨੂੰ ਵੱਖ-ਵੱਖ ਨਾਂਅ ਦਿੱਤਾ ਜਾਂਦਾ ਹੈ ਅਤੇ ਭਾਰਤ ਇਸ ਮਾਮਲੇ ਵਿੱਚ ਹੋਰਨਾਂ ਤੋਂ ਵੱਖ ਨਹੀਂ ਹੈ।

ਦੋ ਉਦਾਹਰਣਾਂ 'ਚ, ਜਿਨ੍ਹਾਂ 'ਚੋਂ ਇੱਕ ਵਿਅਕਤੀ ਗੰਨ ਰਾਹੀਂ ਦਰਜਨਾਂ ਨਿਹੱਥੇ ਨਾਗਰਿਕਾਂ ਦੀ ਹੱਤਿਆ ਕਰਦਾ ਹੈ, ਅਮਰੀਕਾ ਦੇ ਰਾਸ਼ਟਰਪਤੀ ਇਕ ਨੂੰ ਅੱਤਵਾਦੀ ਦੱਸਦੇ ਹਨ ਤੇ ਦੂਜੇ ਨੂੰ ਇਕੱਲਾ ਗੰਨਮੈਨ ਜਾਂ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀ ਦੱਸਦੇ ਹਨ, ਉਹ ਇਹ ਸੋਚ ਕੇ ਏਦਾਂ ਕਰਦੇ ਹਨ ਕਿ ਗੰਨਮੈਨ ਕਿਸ ਧਰਮ ਨਾਲ ਸੰਬੰਧਤ ਹੈ। ਜੇ ਦੁਨੀਆ ਅੱਤਵਾਦ ਅਤੇ ਅੱਤਵਾਦੀ ਦੀ ਪਰਿਭਾਸ਼ਾ ਬਾਰੇ ਇਕਮਤ ਨਹੀਂ ਤਾਂ ਉਸ ਦਾ ਕਾਰਨ ਦੋਵਾਂ ਦੀ ਅਸਪੱਸ਼ਟ ਪਰਿਭਾਸ਼ਾ ਹੈ।

## ਮਿੰਨੀ ਕਹਾਣੀ

## ਸਿੱਖ

-ਸੁਖਮਿੰਦਰ ਸਿੰਘ ਸੇਖੋਂ

ਸ਼ਹਿਰ ਦੇ ਬਹੁਤੇ ਲੋਕ ਉਸ ਦੀ ਢਿੱਲੀ ਪੱਗ, ਉਬੜ-ਖਾਬੜ ਦਾਹੜੀ ਅਤੇ ਸਾਧਾਰਨ ਪਹਿਰਾਵਾ ਵੇਖ ਕੇ ਉਸ ਨੂੰ ਝੱਲਾ ਵੀ ਕਹਿ ਛੱਡਦੇ। ਨਿੱਕੇ ਨਿਆਣਿਆਂ ਅਤੇ ਅਜਨਬੀਆਂ ਨੂੰ ਵੀ ਉਹ ਕਿਸੇ ਮੰਗਤੇ ਦਾ ਭੁਲੇਖਾ ਵੀ ਪਾਉਂਦਾ ਸੀ, ਪਰ ਉਹ ਆਪਣੀ ਧੁੰਨ ਵਿੱਚ ਸ਼ਹਿਰ ਦੀਆਂ ਗਲੀਆਂ, ਸੜਕਾਂ ਅਤੇ ਆਪਣੀ ਰੇਹੜੀ ਲੈ ਕੇ ਤੁਰਿਆ ਰਹਿੰਦਾ। ਜਿੱਥੇ ਵੀ ਉਹ ਲੋਕਾਂ ਵੱਲੋਂ ਸੁੱਟਿਆ ਗੰਦ-ਮੰਦ ਵੇਖਦਾ, ਤੁਰੰਤ ਆਪਣੀ ਰੇਹੜੀ ਵਿੱਚ ਪਾ ਲੈਂਦਾ। ਕਿਤੇ ਵੀ ਕੋਈ ਕੰਡਾ, ਕਿੱਲ ਜਾਂ ਮੇਖ ਹੁੰਦੀ ਤਾਂ ਉਹ ਉਠਾ ਲੈਂਦਾ। ਲੋਕਾਂ ਵੱਲੋਂ ਸੁੱਟੇ ਗਏ ਪੋਲੀਥੀਨ ਦੇ ਲਿਫਾਫੇ ਤੇ ਹੋਰ ਸਾਮਾਨ ਵੀ ਹੂੰਝ ਕੇ ਆਪਣੀ ਰੇਹੜੀ ਵਿੱਚ ਪਾ ਲੈਂਦਾ। ਅੱਗ, ਪਾਣੀ ਦਾ ਉਹ ਖਾਸ ਖਿਆਲ ਰੱਖਦਾ। ਜਿੱਥੇ ਕਿਤੇ ਅੱਗ, ਧੂੰਆਂ ਵੇਖਦਾ ਬੁਝਾ ਦਿੰਦਾ। ਗਰਮੀਆਂ ਵਿੱਚ ਸਵੇਰੇ-ਸ਼ਾਮ ਦੇ ਵਿਚਕਾਰ ਉਹ ਮੰਦਰ ਅਤੇ ਗੁਰਦੁਆਰੇ ਵਿਚਕਾਰ ਪੈਂਦੇ ਇੱਕ-ਇੱਕ ਵੱਡੇ ਦਰੱਖਤ ਦੀ ਛਾਂ ਹੇਠ ਪਾਣੀ ਦਾ ਮੱਟ ਭਰ ਕੇ ਖੜ੍ਹਾ ਹੋ ਜਾਂਦਾ ਤੇ ਪਿਆਸਿਆਂ ਨੂੰ ਪਾਣੀ ਪਿਆਉਂਦਾ।

ਪਿਛਲੇ ਕੁਝ ਅਰਸੇ ਤੋਂ ਉਸ ਨੇ ਲਾਵਾਰਸ ਲਾਸ਼ਾਂ ਨੂੰ ਰੇਹੜੀ ਵਿੱਚ ਪਾ ਕੇ ਸ਼ਮਸ਼ਾਨਘਾਟ ਵਿੱਚ ਲਿਜਾਣ ਦਾ ਕੰਮ ਵੀ ਸਾਂਭ ਲਿਆ ਸੀ। ਉਹ ਆਪਣੇ ਹਿਸਾਬ ਨਾਲ ਮੁਰਦਾ ਸਰੀਰ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰਦਾ।

ਇੱਕ ਦਿਨ ਜਦੋਂ ਉਹ ਸੜਕ ਕਿਨਾਰੇ ਇੱਕ ਮੁਰਦੇ ਦਾ ਦਾਹ ਸਸਕਾਰ ਕਰ ਕੇ ਆਪਣੀ ਰੇਹੜੀ 'ਤੇ ਵਾਪਸ ਪਰਤ ਰਿਹਾ ਸੀ ਤਾਂ ਪਿੱਛੋਂ ਆ ਕੇ ਕਿਸੇ ਨੇ ਉਸ ਨੂੰ ਟੱਕਰ ਮਾਰੀ। ਉਹ ਚਾਰ ਪਲਟੀਆਂ ਖਾ ਗਿਆ ਤੇ ਉਸ ਦੀ ਰੇਹੜੀ ਨੂੰ ਵੀ ਨੁਕਸਾਨ ਪੁੱਜਾ। ਉਹ ਭਵੰਤਰਿਆ ਗਿਆ। ਉਸ ਦੇ ਸਰੀਰ 'ਤੇ ਸੱਟਾਂ ਲੱਗੀਆਂ ਅਤੇ ਜ਼ਖਮਾਂ ਵਿੱਚੋਂ ਲਹੂ ਵੀ ਰਿਸਣ ਲੱਗਾ ਸੀ। ਜਦੋਂ ਉਹ ਹਿੰਮਤ ਕਰ ਕੇ ਉਠਿਆ ਤਾਂ ਉਸ ਦੀ ਗਲ੍ਹ 'ਤੇ ਕਿਸੇ ਨੇ ਇੱਕ ਚਪੇੜ ਦੇ ਮਾਰੀ, "ਵੇਖ ਕੇ ਨਹੀਂ ਚੱਲ ਹੁੰਦਾ, ਜੇ ਐਕਸੀਡੈਂਟ ਹੋ ਜਾਂਦਾ?"

ਇੱਕ ਸਰਦਾਰ ਗੁੱਸੇ ਨਾਲ ਭਰਿਆ ਪਿਆ ਸੀ। ਏਨੇ ਵਿੱਚ ਲੋਕ ਵੀ ਇਕੱਠੇ ਹੋਣ ਲੱਗੇ ਸਨ। "ਓਏ ਇਹ ਤਾਂ ਝੱਲਾ ਜੇ।" ਇਕੱਠ ਵਿੱਚੋਂ ਕਿਸੇ ਦੀ ਆਵਾਜ਼ ਸੀ।

ਕਾਰ ਵਾਲੇ ਸਰਦਾਰ ਜੀ ਦਾ ਗੁੱਸਾ ਭੀੜ ਨੂੰ ਵੇਖ ਕੇ ਹੋਰ ਭੜਕ ਉਠਿਆ ਸੀ, "ਵੇਖੋ ਇਸ ਬਾਬੇ ਨੇ ਐਕਸੀਡੈਂਟ ਕਰਵਾ ਦੇਣਾ ਸੀ?" ਸਰਦਾਰ ਫਿਰ ਝੱਲੇ ਨੂੰ ਉਲਰ ਕੇ ਚਪੇੜ ਮਾਰਨ ਲੱਗਾ, ਪਰ ਇਕੱਠ ਦੀ ਉਸ ਪ੍ਰਤੀ ਹਮਦਰਦੀ ਵੇਖਦਿਆਂ ਉਸ ਨੇ ਸਮਝਦਾਰੀ ਤੋਂ ਕੰਮ ਲੈਣਾ ਹੀ ਮੁਨਾਸਿਬ ਸਮਝਿਆ। ਬਾਬੇ ਤੇ ਭੀੜ ਵੰਨੀ ਵੇਖਦਾ ਹੋਇਆ ਉਹ ਤੇਜ਼ੀ ਨਾਲ ਆਪਣੀ ਕਾਰ ਵੱਲ ਵਧਣ ਲੱਗਾ, "ਪਤਾ ਨਹੀਂ ਰੱਬ ਦਾ ਕੀ ਥੁੜਿਆ ਪਿਆ ਸੀ ਅਜਿਹੇ ਪਾਗਲਾਂ ਬਿਨਾਂ?"

ਸਰਦਾਰ ਦੇ ਇਹ ਬੋਲ ਸੁਣਦਿਆਂ ਇੱਕ ਗਰੀਬੜੇ ਜਿਹੇ ਬਾਬੂ ਤੋਂ ਵੀ ਰਿਹਾ ਨਾ ਗਿਆ, "ਇਹ ਪਾਗਲ ਨਹੀਂ, ਇਹ ਤਾਂ ਗੁਰੂ ਕਾ ਸਿੱਖ ਐ।"

## ਸਫਰ ਕਰਦਿਆਂ

-ਸੁਮੀਤ ਸਿੰਘ

ਭਾਰਤੀ ਸੰਵਿਧਾਨ ਦੀ ਧਾਰਾ 25 ਹੇਠ ਹਰ ਭਾਰਤੀ ਨਾਗਰਿਕ ਨੂੰ ਕਿਸੇ ਵੀ ਧਰਮ ਨੂੰ ਮੰਨਣ, ਪਾਠ-ਪੂਜਾ ਕਰਨ ਤੇ ਉਸ ਦਾ ਪ੍ਰਚਾਰ ਕਰਨ ਦੀ ਧਾਰਮਿਕ ਆਜ਼ਾਦੀ ਦਿੱਤੀ ਗਈ ਹੈ, ਪਰ ਇਸ ਨਾਲ ਇਹ ਸ਼ਰਤ ਹੈ ਕਿ ਉਸ ਦੇ ਅਜਿਹੇ ਵਿਹਾਰ ਕਾਰਨ ਕਿਸੇ ਦੂਜੇ ਵਿਅਕਤੀ, ਵਰਗ ਜਾਂ ਫਿਰਕੇ ਨੂੰ ਧਾਰਾ 19 ਹੇਠ ਮਿਲੇ ਹੋਏ ਨਿੱਜੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਨਾ ਹੁੰਦੀ ਹੋਵੇ ਅਤੇ ਜਨਤਕ ਸ਼ਾਂਤੀ ਦੇ ਨਾਲ ਨੈਤਿਕ ਕਦਰਾਂ ਕੀਮਤਾਂ ਅਤੇ ਸਿਹਤ ਲਈ ਕੋਈ ਖਤਰਾ ਨਾ ਪੈਦਾ ਹੁੰਦਾ ਹੋਵੇ। ਪਿਛਲੀਆਂ ਦੋ ਸਦੀਆਂ ਤੋਂ ਦੁਨੀਆ ਵਿੱਚ ਵਿਗਿਆਨਕ ਸੋਚ ਤੇ ਵਿਗਿਆਨ ਦੇ ਲਗਾਤਾਰ ਪ੍ਰਚਾਰ ਸਦਕਾ ਮਨੁੱਖ ਦਾ ਰਵਾਇਤੀ ਧਰਮਾਂ ਅਤੇ ਰੂੜੀਵਾਦੀ ਸੰਸਕਾਰਾਂ ਤੋਂ ਮੋਹ ਭੰਗ ਹੋਇਆ ਹੈ, ਪਰ ਭਾਰਤ ਦੇ ਬਹੁਤ ਸਾਰੇ ਲੋਕ ਕਈ ਅੰਧ ਵਿਸ਼ਵਾਸਾਂ ਤਹਿਤ ਅਜੇ ਵੀ ਸਵੇਰੇ ਸ਼ਾਮ ਧਾਰਮਿਕ ਸਥਾਨਾਂ ਵਿੱਚ ਜਾ ਕੇ ਨੱਕ-ਮੱਥੇ ਰਗੜਨ ਅਤੇ ਪਾਠ-ਪੂਜਾ ਕਰਨ ਨੂੰ ਜ਼ਿੰਦਗੀ ਦਾ ਇੱਕੋ ਮਕਸਦ ਸਮਝੀ ਬੈਠੇ ਹਨ। ਚਿੰਤਾ ਦਾ ਵਿਸ਼ਾ ਇਹ ਹੈ ਕਿ ਭਾਰਤ ਦੇ ਅਜਿਹੇ ਜ਼ਿਆਦਾਤਰ ਲੋਕ ਕਿਸੇ ਵੀ ਕਾਇਦੇ-ਕਾਨੂੰਨ ਦੀ ਪ੍ਰਵਾਹ ਕੀਤੇ ਬਗੈਰ ਜਨਤਕ ਥਾਵਾਂ 'ਤੇ ਉੱਚੀ ਆਵਾਜ਼ ਵਿੱਚ ਪਾਠ-ਪੂਜਾ, ਭਜਨ, ਕੀਰਤਨ ਕਰ ਕੇ ਆਪੋ ਆਪਣੇ ਧਰਮ ਦਾ ਦਿਖਾਵਾ ਕਰਦੇ ਹਨ, ਜਿਸ ਨਾਲ ਨਾ ਸਿਰਫ ਦੂਜੇ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ, ਸਗੋਂ ਇਹ ਸੁਪਰੀਮ ਕੋਰਟ ਦੇ ਆਵਾਜ਼ ਪ੍ਰਦੂਸ਼ਣ ਰੋਕੂ ਕਾਨੂੰਨ 2005 ਅਤੇ ਸੰਵਿਧਾਨ ਦੀ ਧਾਰਾ 19 ਦੀ ਉਲੰਘਣਾ ਵੀ ਬਣਦੀ ਹੈ।

ਪਿਛਲੇ ਦਿਨੀਂ ਅਜਿਹੀ ਇੱਕ ਘਟਨਾ ਮੇਰੇ ਪਰਵਾਰ ਨਾਲ ਵੀ ਵਾਪਰੀ। ਅਸੀਂ ਨਵੀਂ ਦਿੱਲੀ ਤੋਂ ਸੁਪਰਫਾਸਟ ਰੇਲ ਗੱਡੀ ਰਾਹੀਂ ਅੰਮ੍ਰਿਤਸਰ ਆ ਰਹੇ ਸੀ। ਸਾਡੇ ਵਾਲੇ ਏ ਸੀ ਚੇਅਰ ਕੋਚ ਵਿੱਚ 30-35 ਧਾਰਮਿਕ ਲੋਕਾਂ ਦਾ ਇੱਕ ਗਰੁੱਪ ਸਵਾਰ ਸੀ। ਦਿੱਲ ਤੋਂ ਗੱਡੀ ਚਲਦਿਆਂ ਸਾਰ ਮੈਂ ਅਜੇ ਇੱਕ ਪ੍ਰਸਿੱਧ ਪੁਸਤਕ ਪੜ੍ਹਨ ਲਈ ਖੋਲ੍ਹੀ ਸੀ ਕਿ ਉਹ ਸਾਰੇ ਖੜੇ ਕੇ ਉਚੀ ਉਚੀ ਆਵਾਜ਼ ਵਿੱਚ ਆਪਣਾ ਪਾਠ ਕਰਨ ਲੱਗ ਪਏ। ਡੱਬੇ ਵਿਚਲੇ ਬਾਕੀ ਮੁਸਾਫਰ ਹੈਰਾਨ ਹੋ ਗਏ, ਪਰ ਇਹ ਸੋਚ ਕੇ ਚੁੱਪ ਰਹੇ ਕਿ ਪਾਠ ਦਾ ਇਹ ਸ਼ੋਰ ਕੁਝ ਦੇਰ ਬਾਅਦ ਸਮਾਪਤ ਹੋ ਜਾਵੇਗਾ। ਜਦੋਂ ਕਾਫੀ ਸਮਾਂ ਬੀਤਣ ਦੇ ਬਾਵਜੂਦ ਉਨ੍ਹਾਂ ਦਾ ਪਾਠ ਖਤਮ ਨਾ ਹੋਇਆ ਤਾਂ ਮੇਰੇ ਸਮੇਤ ਬਾਕੀ ਮੁਸਾਫਰਾਂ ਦੇ ਚਿਹਰੇ 'ਤੇ ਪ੍ਰੇਸ਼ਾਨੀ ਨਜ਼ਰ ਆਉਣ ਲੱਗੀ। ਮਾਹੌਲ ਇਸ ਤਰ੍ਹਾਂ ਦਾ ਸੀ ਕਿ ਕੋਈ ਵੀ ਮੁਸਾਫਰ ਇਸ ਜ਼ਬਰਦਸਤੀ ਦੇ ਸ਼ੋਰ ਪ੍ਰਦੂਸ਼ਣ ਨੂੰ ਬੰਦ ਕਰਵਾਉਣ ਲਈ ਪਹਿਲਕਦਮੀ ਕਰਨ ਨੂੰ ਤਿਆਰ ਨਹੀਂ ਸੀ। ਸ਼ਾਇਦ ਸਭ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਜਾਂ ਝਗੜਾ ਹੋਣ ਤੋਂ ਡਰਦੇ ਸਨ।

ਤਰਕਸ਼ੀਲ ਵਿਚਾਰਾਂ ਦਾ ਧਾਰਨੀ ਹੋਣ ਕਰ ਕੇ ਅਤੇ ਅਣਚਾਹੇ ਸ਼ੋਰ ਪ੍ਰਦੂਸ਼ਣ ਦਾ ਸਖਤ ਵਿਰੋਧੀ ਹੋਣ ਕਰ ਕੇ ਮੇਰਾ ਪਰਵਾਰ ਹੋਰ ਵੀ ਜ਼ਿਆਦਾ ਪਰੇਸ਼ਾਨ ਸੀ। ਖਾਸ ਕਰ ਕੇ ਬੱਚੇ ਆਪਣੇ ਨਾਲੇ ਲਿਆਂਦੀਆਂ ਸਿਲੇਬਸ ਦੀਆਂ ਕਿਤਾਬਾਂ ਪੜ੍ਹਨਾ ਚਾਹੁੰਦੇ ਸਨ। ਉਂਝ ਵੀ ਅਜਿਹੇ ਵਿਵਾਦਤ ਮੁੱਦਿਆਂ ਸੰਬੰਧੀ ਬਹੁ-ਗਿਣਤੀ ਲੋਕ ਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਅਕਸਰ ਹੀ ਧਾਰਮਿਕ ਲੋਕਾਂ ਦੇ ਪੱਖ ਵਿੱਚ ਭੁਗਤਦੇ ਵੇਖੇ ਜਾਂਦੇ ਹਨ। ਇਸ, ਲਈ ਮੈਂ ਇਸ ਉਡੀਕ ਵਿੱਚ ਸੀ ਕਿ ਸ਼ਾਇਦ ਇਹ ਲੋਕ ਜਲਦੀ ਹੀ ਆਪਣਾ ਪਾਠ ਖਤਮ ਕਰ ਦੇਣਗੇ, ਪਰ ਉਨ੍ਹਾਂ ਨੇ ਉਲਟਾ ਸਗੋਂ ਢੋਲਕੀ ਵਜਾ ਕੇ ਹੋਰ ਉਚੀ ਆਵਾਜ਼ ਵਿੱਚ ਭਜਨ, ਕੀਰਤਨ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨੂੰ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ ਸੀ। ਮੈਂ ਕੁਝ ਮੁਸਾਫਰਾਂ ਨਾਲ ਇਸ ਸ਼ੋਰ ਪ੍ਰਦੂਸ਼ਣ ਨੂੰ ਰੁਕਵਾਉਣ ਦੀ ਗੱਲਬਾਤ ਕੀਤੀ। ਉਨ੍ਹਾਂ ਬੇਸ਼ੱਕ ਇਸ ਵਰਤਾਰੇ ਨੂੰ ਗਲਤ ਤੇ ਨਿੱਜੀ ਆਜ਼ਾਦੀ ਵਿੱਚ ਖਲਲ ਪਾਉਣ ਵਾਲਾ ਕਿਹਾ, ਪਰ ਆਪਣੀ ਰਵਾਇਤੀ ਧਾਰਮਿਕ ਮਾਨਸਿਕਤਾ ਦੇ ਪ੍ਰਭਾਵ ਹੇਠ ਤੇ ਕਿਸੇ ਝਗੜੇ ਵਿੱਚ ਪੈਣ ਦੇ ਡਰੋਂ ਉਨ੍ਹਾਂ ਨੇ ਮੇਰਾ ਸਾਥ ਦੇਣ ਤੋਂ ਗੁਰੇਜ਼ ਕਰਨਾ ਹੀ ਠੀਕ ਸਮਝਿਆ।

ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਦੇ ਦੋਸ਼ ਦੀ ਪ੍ਰਵਾਹ ਕੀਤੇ ਬਗੈਰ ਮੈਂ ਆਖਰਕਾਰ ਤਿੰਨ ਘੰਟੇ ਬਾਅਦ ਕੋਚ ਦੇ ਟੀ ਟੀ ਈ ਨੂੰ ਇਸ ਸੰਬੰਧੀ ਆਪਣੇ ਪੱਧਰ 'ਤੇ ਸ਼ਿਕਾਇਤ ਕਰ ਦਿੱਤੀ ਅਤੇ ਰੇਲਵੇ ਵੱਲੋਂ ਡੱਬੇ ਅੰਦਰ ਲਿਖੀਆਂ ਇਨ੍ਹਾਂ ਹਦਾਇਤਾਂ ਦਾ ਹਵਾਲਾ ਦਿੱਤਾ ਕਿ 'ਕ੍ਰਿਪਾ ਕਰ ਕੇ ਆਪਣੇ ਨਾਲ ਦੇ ਯਾਤਰੀਆਂ ਨੂੰ ਪਰੇਸ਼ਾਨ ਨਾ ਕਰੋ ਅਤੇ ਈਅਰ ਫੋਨ ਤੋਂ ਬਗੈਰ ਰੇਡੀਓ ਅਤੇ ਟਰਾਂਜ਼ਿਸਟਰ ਦੀ ਵਰਤੋਂ ਨਾ ਕਰੋ।' ਜਦੋਂ ਟੀ ਟੀ ਈ ਨੇ ਆਪਣੇ ਪੱਧਰ 'ਤੇ ਉਨ੍ਹਾਂ ਦਾ ਸ਼ੋਰ ਬੰਦ ਕਰਾਉਣ ਦੀ ਬਜਾਏ ਗਰੁੱਪ ਦੇ ਮੁੱਖ ਪ੍ਰਬੰਧਕ ਨੂੰ ਮੇਰੇ ਨਿੱਜੀ ਪ੍ਰੇਸ਼ਾਨ ਹੋਣ ਸੰਬੰਧੀ ਦੱਸਿਆ, ਪਰ ਉਨ੍ਹਾਂ ਨੇ ਫਿਰ ਵੀ ਉੱਚੀ ਆਵਾਜ਼ 'ਚ ਆਪਣਾ ਪੂਜਾ ਪਾਠ ਜਾਰੀ ਰੱਖਿਆ। ਆਖਰ ਉਨ੍ਹਾਂ ਨੇ ਪੂਰੇ ਚਾਰ ਘੰਟੇ ਬਾਅਦ ਆਪਣੀ ਮਰਜ਼ੀ ਨਾਲ ਇਸ ਦੀ ਸਮਾਪਤੀ ਕੀਤੀ। ਮੇਰੇ ਪੁੱਛਣ 'ਤੇ ਕੋਚ ਦੇ ਵੇਟਰ ਨੇ ਦੱਸਿਆ ਕਿ ਇਹ ਗਰੁੱਪ ਮਹੀਨੇ ਵਿੱਚ ਦੋ ਤਿੰਨ ਵਾਰ ਇਸੇ ਗੱਡੀ ਵਿੱਚ ਇਸੇ ਤਰ੍ਹਾਂ ਉੱਚੀ ਆਵਾਜ਼ 'ਚ ਪਾਠ ਦਾ ਗਾਇਣ ਕਰਦੇ ਹਨ ਤੇ ਕਿਸੇ ਪੱਧਰ 'ਤੇ ਇਨ੍ਹਾਂ ਨੂੰ ਰੋਕਿਆ ਨਹੀਂ ਜਾਂਦਾ।

ਸਵਾਲ ਇਹ ਹੈ ਕਿ ਅਜਿਹੇ ਧਾਰਮਿਕ ਗਰੁੱਪਾਂ ਵੱਲੋਂ ਢੋਲਕੀ ਛੈਣਿਆਂ ਨਾਲ ਰੇਲ ਗੱਡੀਆਂ ਵਿੱਚ ਉੱਚੀ ਆਵਾਜ਼ ਵਿੱਚ ਆਪਣੇ ਧਾਰਮਿਕ ਪਾਠ, ਭਜਨ-ਕੀਰਤਨ ਕਰ ਕੇ ਦੂਜੇ ਮੁਸਾਫਰਾਂ ਨੂੰ ਪ੍ਰੇਸ਼ਾਨ ਕਰਨ ਤੋਂ ਰੋਕਣ ਲਈ ਸੰਬੰਧਤ ਰੇਲਵੇ ਸਟਾਫ ਅਤੇ ਸੁਰੱਖਿਆ ਮੁਲਾਜ਼ਮਾਂ ਵੱਲੋਂ ਕੋਈ ਕਾਨੂੰਨੀ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ? ਕੀ ਅਜਿਹੇ ਧਾਰਮਿਕ ਲੋਕਾਂ ਨੂੰ ਇਸ ਦਾ ਜ਼ਰਾ ਜਿੰਨਾ ਅਹਿਸਾਸ ਨਹੀਂ ਕਿ ਉਨ੍ਹਾਂ ਦੇ ਸਾਂਝੇ ਤੌਰ ਉੱਤੇ ਉੱਚੀ ਆਵਾਜ਼ 'ਚ ਪੂਜਾ ਪਾਠ ਕਰਨ ਨਾਲ ਛੋਟੇ ਬੱਚਿਆਂ, ਬਜ਼ੁਰਗਾਂ, ਮਰੀਜ਼ਾਂ, ਦਿਲ ਦੇ ਰੋਗੀਆਂ ਅਤੇ ਗੈਰ ਧਾਰਮਿਕ ਮੁਸਾਫਰਾਂ ਦੇ ਪ੍ਰੇਸ਼ਾਨ ਹੋਣ ਦੇ ਨਾਲ ਨਾਲ ਉਨ੍ਹਾਂ ਦੇ ਸ਼ਾਂਤੀ ਪੂਰਵਕ ਸਫਰ ਅਤੇ ਆਰਾਮ ਕਰਨ ਦੇ ਨਿੱਜੀ ਆਜ਼ਾਦੀ ਦੇ ਹੱਕ ਦੀ ਉਲੰਘਣਾ ਵੀ ਹੁੰਦੀ ਹੈ।

## ਹਲਕਾ ਫੁਲਕਾ

ਨਰਸ ਨੇ ਡੂੰਘੀ ਨੀਂਦ ਸੁੱਤੇ ਪਏ ਮਰੀਜ਼ ਨੂੰ ਹਿਲਾ ਕੇ ਜਗਾਇਆ ਅਤੇ ਕਹਿਣ ਲੱਗੀ, "ਉਠੋ ਸ੍ਰੀਮਾਨ ਜੀ, ਉਠੋ।"

ਮਰੀਜ਼ ਹੜਬੜਾ ਕੇ ਉਠ ਬੈਠਾ ਅਤੇ ਪੁੱਛਣ ਲੱਗਾ, "ਕੀ ਹੋਇਆ ਸਿਸਟਰ, ਤੁਸੀਂ ਮੈਨੂੰ ਜਗਾਇਆ ਕਿਉਂ?"

"ਮੁਆਫ ਕਰਨਾ ਸ੍ਰੀਮਾਨ ਜੀ। ਮੈਂ ਤੁਹਾਨੂੰ ਨੀਂਦ ਦੀ ਗੋਲੀ ਦੇਣਾ ਭੁੱਲ ਗਈ ਸੀ। ਲਓ, ਗੋਲੀ ਖਾਓ ਅਤੇ ਆਰਾਮ ਨਾਲ ਸੌਂ ਜਾਓ।" ਜਵਾਬ ਮਿਲਿਆ।

*********

ਗਾਹਕ ਨੇ ਰੈਸਟੋਰੈਂਟ ਦੇ ਮੈਨੇਜਰ ਨੂੰ ਬੁਲਾ ਕੇ ਕਿਹਾ, "ਲੱਗਦਾ ਹੈ ਤੁਹਾਡੇ ਰੈਸਟੋਰੈਂਟ 'ਚ ਕਾਫੀ ਸਫਾਈ ਵਰਤੀ ਜਾਂਦੀ ਹੈ।"

ਮੈਨੇਜਰ ਖੁਸ਼ ਹੋ ਕੇ ਕਹਿਣ ਲੱਗਾ, "ਧੰਨਵਾਦ, ਪਰ ਇਹ ਸਭ ਤੁਹਾਨੂੰ ਕਿਵੇਂ ਪਤਾ ਲੱਗਾ?"

ਗਾਹਕ, "ਹਰ ਭਾਂਡੇ 'ਚੋਂ ਸਾਬਣ ਦੀ ਗੰਧ ਜੋ ਆ ਰਹੀ ਹੈ।"

*********

ਇੱਕ ਆਦਮੀ ਪੁਲਸ ਥਾਣੇ ਗਿਆ ਤੇ ਕਹਿਣ ਲੱਗਾ, "ਥਾਣੇਦਾਰ ਸਾਹਿਬ, ਮੈਨੂੰ ਅੱਜਕੱਲ੍ਹ ਬਹੁਤ ਜ਼ਿਆਦਾ ਧਮਕੀ ਭਰੀਆਂ ਚਿੱਠੀਆਂ ਮਿਲ ਰਹੀਆਂ ਹਨ।"

ਥਾਣੇਦਾਰ, "ਧਮਕੀ ਭਰੀਆਂ ਚਿੱਠੀਆਂ ਲਿਖਣਾ ਤਾਂ ਜੁਰਮ ਹੈ। ਕੌਣ ਲਿਖਦਾ ਹੈ ਇੰਨੀਆਂ ਧਮਕੀ ਦੀਆਂ ਚਿੱਠੀਆਂ ਤੁਹਾਨੂੰ?"

ਆਦਮੀ, "ਇਨਕਮ ਟੈਕਸ ਵਾਲੇ।"



## ਦਰਬਾਰ ਸਾਹਿਬ ਦੇ ਬਾਹਰੋਂ ਕੋਰੋਨਾ ਦੇ ਤਿੰਨ ਸ਼ੱਕੀ ਲੋਕ ਨਿਗਰਾਨੀ ਹੇਠ ਲਏ ਗਏ

ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਰੋਕਥਾਮ ਲਈ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਅਤੇ ਸਿਹਤ ਵਿਭਾਗ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਕੀਤੀ ਪੜਤਾਲ ਤੇ ਮੁੱਢਲੀ ਮੈਡੀਕਲ ਜਾਂਚ ਵਿੱਚ ਵਿਦੇਸ਼ ਤੋਂ ਆਏ ਤਿੰਨ ਕੋਰੋਨਾ ਵਾਇਰਸ ਦੇ ਸ਼ੱਕੀ ਵਿਅਕਤੀਆਂ ਨੂੰ ਸਿਹਤ ਵਿਭਾਗ ਦੇ ਹਵਾਲੇ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਚੀਨ ਦਾ ਨਾਗਰਿਕ ਵੀ ਹੈ। ਦੂਸਰਾ ਵਿਅਕਤੀ ਕੱਲ੍ਹ ਦੁਬਈ ਤੋਂ ਆਇਆ ਸੀ। ਤੀਸਰਾ ਥਾਈਲੈਂਡ ਤੋਂ ਪਰਤਿਆ ਸੀ। ਇਨ੍ਹਾਂ ਤਿੰਨਾਂ ਨੂੰ ਸਿਹਤ ਵਿਭਾਗ ਨੇ ਆਈਸੋਲੇਸ਼ਨ ਵਾਰਡ ਵਿੱਚ ਭੇਜ ਦਿੱਤਾ ਅਤੇ ਇਨ੍ਹਾਂ ਦੇ ਖ਼ੂਨ ਦੇ ਨਮੂਨੇ ਲਏ ਹਨ।

ਕੱਲ੍ਹ ਸਵੇਰੇ ਗੁਰਦਾਸਪੁਰ ਦਾ ਇੱਕ ਵਿਅਕਤੀ ਜਸਵੰਤ ਸਿੰਘ ਆਪਣੇ ਪਰਵਾਰ ਸਮੇਤ ਹਰਿਮੰਦਰ ਸਾਹਿਬ ਮੱਥਾ ਟੇਕਣ ਆਇਆ ਤਾਂ ਮੁੱਢਲੀ ਸਿਹਤ ਜਾਂਚ ਦੌਰਾਨ ਉਸ ਨੂੰ ਬੁਖ਼ਾਰ ਤੇ ਜ਼ੁਕਾਮ ਸਮੇਤ ਕੋਰੋਨਾ ਵਾਇਰਸ ਨਾਲ ਮਿਲਦੇ-ਜੁਲਦੇ ਕੁਝ ਸੰਕੇਤ ਪਾਏ ਗਏ। ਉਸ ਨੇ ਦੱਸਿਆ ਕਿ ਉਹ 20 ਮਾਰਚ ਨੂੰ ਦੁਬਈ ਤੋਂ ਆਇਆ ਹੈ। ਸਿਹਤ ਵਿਭਾਗ ਦੀ ਟੀਮ ਵੱਲੋਂ ਉਸ ਵਿੱਚ ਕੋਰੋਨਾ ਵਾਇਰਸ ਦੇ ਸੰਕੇਤ ਪਾਏ ਜਾਣ ਉੱਤੇ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਦੀ ਆਈਸੋਲੇਸ਼ਨ ਵਾਰਡ ਵਿੱਚ ਭੇਜ ਦਿੱਤਾ ਹੈ। ਫਿਰ ਸ੍ਰੀ ਹਰਿ-ਮੰਦਰ ਸਾਹਿਬ ਦੀ ਸਰਾਂ 'ਚ ਕਮਰਾ ਲੈਣ ਲਈ ਚੀਨ ਦਾ ਇੱਕ ਨਾਗਰਿਕ ਪੁੱਜਾ, ਜਿਸ ਨੂੰ ਕੋਰੋਨਾ ਦੇ ਸ਼ੱਕ ਕਾਰਨ ਸਿਹਤ ਵਿਭਾਗ ਨੇ ਆਪਣੀ ਨਿਗਰਾਨੀ ਹੇਠ ਰੱਖ ਲਿਆ ਹੈ। ਇਸ ਦੌਰਾਨ ਸ਼ਾਮ ਨੂੰ ਥਾਈਲੈਂਡ ਤੋਂ ਆਏ ਇੱਕ ਕੋਰੋਨਾ ਵਾਇਰਸ ਦੇ ਸ਼ੱਕੀ ਵਿਅਕਤੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਹਤ ਵਿਭਾਗ ਦੇ ਸਪੁਰਦ ਕੀਤਾ ਗਿਆ ਹੈ।

## ਲੋੜਵੰਦਾਂ ਦੇ ਖਾਣੇ ਅਤੇ ਰਿਹਾਇਸ਼ ਲਈ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀਹ ਕਰੋੜ ਰੁਪਏ ਮਨਜ਼ੂਰ

ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਹਿਰ ਨੰ ਦੇਖ ਕੇ ਅਣਮਿੱਥੇ ਸਮੇਂ ਲਈ ਲਾਈਆਂ ਜਾ ਰਹੀਆਂ ਬੰਦਿਸ਼ਾਂ ਦੇ ਸਿੱਟੇ ਵਜੋਂ ਪ੍ਰਭਾਵਤ ਲੋਕਾਂ ਲਈ ਕੈਪਟਨ ਅਮਰਿੰਦਰ ਸਿੰਘ ਨੇ ਕਈ ਰਿਆਇਤਾਂ ਦਾ ਐਲਾਨ ਕੀਤਾ ਹੈ। ਇਸ ਮਕਸਦ ਲਈ ਲੋੜਵੰਦਾਂ ਨੂੰ ਖਾਣੇ, ਰਹਿਣ ਅਤੇ ਦਵਾਈਆਂ ਪੁਚਾਉਣ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 20 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਅਤੇ ਡਿਪਟੀ ਕਮਿਸ਼ਨਰਾਂ ਅਤੇ ਐਸ ਡੀ ਐੱਮਜ਼ ਨੂੰ ਲੋੜਵੰਦਾਂ ਨੂੰ ਹਰ ਤਰ੍ਹਾਂ ਦੀ ਮਦਦ ਕਰਨ ਲਈ ਵੀ ਸਰਕਾਰ ਵੱਲੋਂ ਕਹਿ ਦਿੱਤਾ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਬਿਜਲੀ, ਪਾਣੀ ਅਤੇ ਸੀਵਰੇਜ ਆਦਿ ਦੇ ਬਿੱਲਾਂ ਦੀ ਆਖਰੀ ਤਰੀਕ ਮੁਲਤਵੀ ਕਰਨ ਦਾ ਵੀ ਐਲਾਨ ਕੀਤਾ ਹੈ। ਕਰਫਿਊ ਦੇ ਦੌਰਾਨ ਐਲਾਨੇ ਰਾਹਤ ਕੰਮਾਂ ਦੇ ਵੇਰਵੇ ਦਿੰਦਿਆਂ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਲੋਕਲ ਬਾਡੀਜ਼ ਵਿਭਾਗ ਨੂੰ ਹੁਕਮ ਦਿੱਤੇ ਹਨ



ਕਿ ਸਾਰੀਆਂ ਨਗਰ ਨਿਗਮਾਂ, ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚ ਪਾਣੀ ਅਤੇ ਸੀਵਰੇਜ ਦੇ ਬਿੱਲਾਂ ਦੀ ਆਖਰੀ ਤਰੀਕ ਮੁਲਤਵੀ ਕਰ ਦਿੱਤੀ ਜਾਵੇ ਅਤੇ ਪ੍ਰਾਪਰਟੀ ਟੈਕਸ ਵਿੱਚ ਮੁਆਫੀ ਦੀ ਸਕੀਮ 31 ਮਈ 2020 ਤੱਕ ਵਧਾ ਦਿੱਤੀ ਗਈ ਹੈ। ਇਸ ਦੌਰਾਨ ਸਾਰੇ ਘਰੇਲੂ, ਵਪਾਰਕ ਅਤੇ ਛੋਟੇ ਬਿਜਲੀ ਉਦਯੋਗਿਕ ਖਪਤਕਾਰਾਂ ਦੇ 10,000 ਹਜ਼ਾਰ ਰੁਪਏ ਤੱਕ ਦੇ ਮਹੀਨਾ ਜਾਂ ਦੋ ਮਹੀਨਿਆਂ ਦੇ ਬਿਜਲੀ ਬਿੱਲਾਂ, ਜੋ 20 ਮਾਰਚ 2020 ਜਾਂ ਬਾਅਦ 'ਚ ਭਰੇ ਜਾਣੇ ਸਨ, ਵਿੱਚ 15 ਅਪਰੈਲ 2020 ਤੱਕ ਵਾਧਾ ਕੀਤਾ ਗਿਆ ਹੈ। ਪੰਜਾਬ ਰਾਜ ਬਿਜਲੀ ਨਿਗਮ ਨੂੰ ਖਪਤਕਾਰਾਂ ਤੋਂ ਦੇਰੀ ਨਾਲ ਬਿੱਲ ਭਰਨ 'ਤੇ ਲਗਦੇ ਚਾਰਜ ਨਾ ਵਸੂਲਣ ਨੂੰ ਕਿਹਾ ਗਿਆ ਹੈ, ਜਿਸ ਨਾਲ 35 ਲੱਖ ਖਪਤਕਾਰਾਂ ਨੂੰ ਫਾਇਦਾ ਪਹੁੰਚੇਗਾ। ਮੁੱਖ ਮੰਤਰੀ ਨੇ ਟਰਾਂਸਪੋਰਟ ਵਿਭਾਗ ਨੂੰ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ ਅਧੀਨ ਸਾਰੇ ਟੈਕਸਾਂ ਦੀ ਆਖਰੀ ਤਰੀਕ ਤੀਹ ਅਪ੍ਰੈਲ 2020 ਤੱਕ ਵਧਾਉਣ ਦੇ ਹੁਕਮ ਦਿੱਤੇ ਹਨ। ਸਰਕਾਰੀ ਅਤੇ ਪ੍ਰਾਈਵੇਟ ਵਾਹਨਾਂ ਨੂੰ ਇਸ ਦੌਰਾਨ ਚੱਲਣ ਦਾ ਖੁੱਲ੍ਹ ਨਹੀਂ ਹੋਵੇਗੀ ਜਿਸ ਕਰ ਕੇ ਇਨ੍ਹਾਂ ਨੂੰ ਉਸ ਸਮੇਂ ਤੱਕ ਮੋਟਰ ਵਹੀਕਲ ਟੈਕਸ ਤੋਂ 100 ਫੀਸਦੀ ਛੋਟ ਮਿਲੇਗੀ। ਇਨ੍ਹਾਂ ਤੋਂ ਇਲਾਵਾ 15 ਮਾਰਚ ਤੋਂ 15 ਅਪ੍ਰੈਲ 2020 ਤੋਂ ਨਵਿਆਉਣ/ ਪਾਸ ਹੋਣ ਵਾਲੇ ਵਾਹਨਾਂ 'ਤੇ ਦੇਰੀ ਲਈ ਕੋਈ ਜੁਰਮਾਨਾ ਨਹੀਂ ਵਸੂਲਿਆ ਜਾਵੇਗਾ। ਇਸ ਘੜੀ ਵਿੱਚ ਕਿਸਾਨਾਂ ਦੀ ਮਦਦ ਲਈ ਹੱਥ ਵਧਾਉਂਦਿਆਂ ਕੋਆਪਰੇਟਿਵ ਵਿਭਾਗ ਨੇ ਉਨ੍ਹਾਂ ਦੀਆਂ ਫਸਲਾਂ ਦੇ ਕਰਜ਼ੇ ਉੱਤੇ ਵਿਆਜ ਦੋ ਮਹੀਨਿਆਂ (ਮਾਰਚ-ਅਪ੍ਰੈਲ 2020) ਲਈ ਮੁਆਫ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਹ ਕਿਸਾਨ ਤੀਹ ਅਪ੍ਰੈਲ 2020 ਤੱਕ ਫਸਲੀ ਕਰਜ਼ੇ ਭਰੇ ਸਕਣਗੇ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਕਿਰਤ ਵਿਭਾਗ ਨੂੰ 3,18,000 ਰਜਿਸਟਰਡ ਉਸਾਰੀ ਕਿਰਤੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ ਉਨ੍ਹਾਂ ਦੇ ਖਾਤਿਆਂ ਵਿੱਚ ਡੀ ਬੀ ਟੀ ਰਾਹੀਂ ਤਿੰਨ-ਤਿੰਨ ਹਜ਼ਾਰ ਰੁਪਏ ਪਾਉਣ ਲਈ ਪਹਿਲਾਂ ਹੀ ਕਿਹਾ ਹੋਇਆ ਹੈ।

## ਡਾਟਾ ਲੀਕ ਹੋਣ ਨਾਲ ਪ੍ਰਾਈਵੇਟ ਸਕੂਲ ਸੰਚਾਲਕਾਂ ਵਿੱਚ ਚਿੰਤਾ

ਲੁਧਿਆਣਾ, 24 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਦੇ ਪ੍ਰਾਈਵੇਟ ਸਕੂਲ ਦੇ ਸੰਚਾਲਕਾਂ 'ਚ ਪਿਛਲੇ ਦੋ ਦਿਨਾਂ ਤੋਂ ਚਿੰਤਾ ਦਾ ਮਾਹੌਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਉਨ੍ਹਾਂ ਵੱਲੋਂ ਈ-ਪੰਜਾਬ ਸਕੂਲ ਪੋਰਟਲ 'ਤੇ ਭਰਿਆ ਗਿਆ ਡਾਟਾ ਲੀਕ ਹੋ ਗਿਆ ਹੈ। ਸਕੂਲ ਸੰਚਾਲਕਾਂ ਦਾ ਦੋਸ਼ ਹੈ ਕਿ ਸਰਬ ਸਿੱਖਿਆ ਅਭਿਆਨ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਚੱਲਦੇ ਸਾਰੇ ਸਕੂਲ ਸੰਚਾਲਕਾਂ ਨੂੰ ਕਿਹਾ ਜਾਂਦਾ ਹੈ ਕਿ ਪ੍ਰੀ-ਨਰਸਰੀ ਤੋਂ 12ਵੀਂ ਤੱਕ ਦੇ ਸਾਰੇ ਸਕੂਲਾਂ ਦਾ ਡਾਟਾ ਈ-ਪੰਜਾਬ ਸਕੂਲ ਪੋਰਟਲ 'ਤੇ ਭਰਨਾ ਜ਼ਰੂਰੀ ਹੈ। ਇਹ ਡਾਟਾ ਓਥੋਂ ਲੀਕ ਹੋਇਆ ਹੈ।

ਪੰਜਾਬ ਪ੍ਰਾਈਵੇਟ ਸਕੂਲ ਆਰਗੇਨਾਈਜ਼ੇਸ਼ਨ (ਪੀ ਪੀ ਐਸ ਓ) ਲੁਧਿਆਣਾ ਦੇ ਪ੍ਰਧਾਨ ਐਸ ਕੇ ਚਾਵਲਾ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਨਾਲ ਸਰਕਾਰ ਵੱਲੋਂ ਧੋਖਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਸਕੂਲਾਂ ਦਾ ਡਾਟਾ ਲੀਕ ਕੀਤਾ ਗਿਆ ਹੈ। ਇਸ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਦੇ ਮੋਬਾਈਲ ਨੰਬਰ ਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਸ਼ਾਮਲ ਹੈ। ਪ੍ਰਾਈਵੇਟ ਸਕੂਲਾਂ ਦਾ ਡਾਟਾ ਸਰਕਾਰੀ ਟੀਚਰਾਂ ਨੂੰ ਦੇ ਕੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਫੋਨ ਕਰਕੇ ਸਰਕਾਰੀ ਸਕੂਲਾਂ 'ਚ ਦਾਖ਼ਲਾ ਲੈਣ ਲਈ ਕਿਹਾ ਜਾ ਰਿਹਾ ਹੈ। ਚਾਵਲਾ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ। ਸਰਕਾਰ ਨੂੰ ਇਸ ਦੀ ਵੱਡੇ ਪੱਧਰ 'ਤੇ ਜਾਂਚ ਕਰਵਾਉਣੀ ਚਾਹੀਦੀ ਹੈ ਤੇ ਜ਼ਿੰਮੇਵਾਰ ਅਧਿਕਾਰੀ 'ਤੇ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪੀ ਪੀ ਐਸ ਓ ਦੇ ਕਾਰਜਕਾਰੀ ਮੈਂਬਰ ਰਾਜੀਵ ਥਾਪਰ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਕਹਿੰਦੀ ਹੈ ਕਿ ਬੱਚਿਆਂ ਦੀ ਨਿੱਜੀ ਜਾਣਕਾਰੀ ਗੁਪਤ ਰੱਖਣੀ ਚਾਹੀਦੀ ਹੈ ਤੇ ਦੂਜੇ ਪਾਸੇ ਸਰਕਾਰ ਵੱਲੋਂ ਲੱਖਾਂ ਬੱਚਿਆਂ ਦੀ ਜਾਣਕਾਰੀ ਜਨਤਕ ਕਰ ਦਿੱਤੀ ਗਈ ਹੈ। ਇੱਕ ਹੋਰ ਆਗੂ ਆਦੇਸ਼ ਪੁੰਜ ਨੇ ਕਿਹਾ ਕਿ ਜੇ ਇਸੇ ਤਰ੍ਹਾਂ ਰਿਹਾ ਤਾਂ ਅਗਲੇ ਸਾਲ ਤੋਂ ਈ-ਪੰਜਾਬ ਪੋਰਟਲ 'ਤੇ ਕੋਈ ਵੀ ਸੂਚਨਾ ਅਪਲੋਡ ਨਹੀਂ ਕਰਨਗੇ।

## ਪਰਮੇਸ਼ਰ ਦੁਆਰ ਵਿਚਲੇ ਹਸਪਤਾਲ ਸਿਹਤ ਵਿਭਾਗ ਹਵਾਲੇ ਕਰਨ ਦਾ ਫ਼ੈਸਲਾ

ਪਟਿਆਲਾ, 24 ਮਾਰਚ (ਪੋਸਟ ਬਿਊਰੋ)- ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਹੁਕਮਾਂ ਦੀ ਤਾਮੀਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਗੁਰਦੁਆਰਾ ਪਰਮੇਸ਼ਰ ਦੁਆਰ ਸੇਖੂਪੁਰਾ ਵਿਖੇ ਹਸਪਤਾਲ ਦੇ ਮਕਸਦ ਨਾਲ ਬਣਾਈ ਇਮਾਰਤ ਕੋਰੋਨਾ ਵਾਇਰਸ ਲਈ ਪ੍ਰਬੰਧਾਂ ਵਜੋਂ ਪੰਜਾਬ ਦੇ ਸਿਹਤ ਵਿਭਾਗ ਨੂੰ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਇਸ ਬਾਰੇ ਜਾਰੀ ਕੀਤੀ ਵੀਡੀਓ 'ਚ ਸਪੱਸ਼ਟ ਕਿਹਾ ਕਿ ਸਿਹਤ ਵਿਭਾਗ ਗੁਰਦੁਆਰੇ ਦੀ ਹਦੂਦ 'ਚ ਕਰੀਬ ਦੋ ਏਕੜ ਵਿੱਚ ਬਣੀ ਇਸ ਇਮਾਰਤ 'ਚ ਪੱਕੇ ਤੌਰ ਉਤੇ ਵੀ ਹਸਪਤਾਲ ਖੋਲ੍ਹ ਸਕਦਾ ਹੈ।

ਵਰਨਣ ਯੋਗ ਹੈ ਕਿ ਲੰਮੇ ਸਮੇਂ ਤੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਉਤੇ ਹੀ ਨਹੀਂ, ਸਗੋਂ ਅਕਾਲ ਤਖ਼ਤ ਦੇ ਸਮੁੱਚੇ ਸਿਸਟਮ 'ਤੇ ਕਿੰਤੂ ਕਰਦੇ ਆ ਰਹੇ ਸਨ। ਉਨ੍ਹਾਂ ਦਾ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਵਿਵਾਦ ਵੀ ਚੱਲ ਰਿਹਾ ਸੀ, ਪਰ ਕੱਲ੍ਹ ਉਨ੍ਹਾ ਨੇ ਜਥੇਦਾਰ ਵੱਲੋਂ ਕੌਮ ਦੇ ਨਾਂ ਜਾਰੀ ਕੀਤੇ ਸੰਦੇਸ਼ ਦੇ ਬਾਅਦ ਗੁਰਦੁਆਰਾ ਪਰਮੇਸ਼ਰ ਦੁਆਰ 'ਚ ਬਣਾਏ ਹਸਪਤਾਲ ਦੀ ਇਮਾਰਤ ਸਿਹਤ ਵਿਭਾਗ ਪੰਜਾਬ ਨੂੰ ਸੌਂਪਣ ਦਾ ਫ਼ੈਸਲਾ ਲਿਆ ਹੈ। ਢੱਡਰੀਆਂ ਵਾਲੇ ਨੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਗੁਰੂ ਦੀ ਗੋਲਕ ਦਾ ਮੂੰਹ ਲੋੜਵੰਦ ਲੋਕਾਂ ਲਈ ਖੋਲ੍ਹਣ ਦੀ ਹਦਾਇਤ ਜਾਰੀ ਕਰਨ। ਉਨ੍ਹਾਂ ਦਾ ਤਰਕ ਸੀ ਕਿ ਕਿਉਂਕਿ ਸ਼੍ਰੋਮਣੀ ਕਮੇਟੀ ਕੋਲ ਵੱਡਾ ਬਜਟ ਹੈ, ਇਸ ਲਈ ਜੇ ਉਹ ਚਾਹੇ ਤਾਂ ਕੋਰੋਨਾ ਵਾਇਰਸ ਦੇ ਬਚਾਅ ਲਈ ਪੰਜਾਬ ਦੇ ਪਿੰਡਾਂ ਵਿੱਚ ਲੋਕਾਂ ਲਈ ਲੰਗਰ, ਦਵਾਈਆਂ ਤੇ ਹੋਰ ਜ਼ਰੂਰੀ ਸੇਵਾਵਾਂ ਵੱਡੇ ਪੱਧਰ 'ਤੇ ਦੇ ਸਕਦੀ ਹੈ। ਉਨ੍ਹਾਂ ਨੇ ਸੰਗਤ ਨੂੰ ਕੋਰੋਨਾ ਵਾਇਰਸ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲੰਘਿਆ ਵੇਲਾ ਹੱਥ ਨਹੀਂ ਆਵੇਗਾ। ਉਨ੍ਹਾਂ ਸੰਗਤ ਨੂੰ ਫਿਲਹਾਲ ਗੁਰਦੁ-ਆਰਾ ਪਰਮੇਸ਼ਰ ਦੁਆਰ ਆਉਣ ਤੋਂ ਵੀ ਵਰਜ ਦਿੱਤਾ ਹੈ।

## ਖੰਨਾ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ 31 ਤੱਕ ਬੰਦ

ਖੰਨਾ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਪਰਛਾਵਾਂ ਏਸ਼ੀਆਂ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ 'ਤੇ ਵੀ ਪੈਂਦਾ ਦਿਖਾਈ ਦੇ ਰਿਹਾ ਹੈ ਜਦ ਕਿ ਅਪ੍ਰੈਲ ਦੇ ਪਹਿਲੇ ਹਫ਼ਤੇ ਮੰਡੀ 'ਚ ਕਣਕ ਦੀ ਆਮਦ ਆਉਣ ਲਈ ਤਿਆਰ ਹੈ। ਕੋਰੋਨਾ ਤੋਂ ਬਚਾਅ ਲਈ ਆੜ੍ਹਤੀ ਐਸੋਸੀਏਸ਼ਨ ਖੰਨਾ ਨੇ 31 ਮਾਰਚ ਤੱਕ ਬੰਦ ਰੱਖਣ ਦਾ ਫ਼ੈਸਲਾ ਕੀਤਾ ਹੈ। ਇਸ ਦੌਰਾਨ ਆੜ੍ਹਤੀ ਆਪਣੀਆਂ ਦੁਕਾਨਾਂ ਬੰਦ ਰੱਖਣਗੇ ਤੇ ਕਿਸੇ ਤਰ੍ਹਾਂ ਦਾ ਲੈਣ ਦੇਣ ਨਹੀਂ ਕਰਨਗੇ।



ਵਰਨਣ ਯੋਗ ਹੈ ਕਿ ਅਪ੍ਰੈਲ ਦੇ ਪਹਿਲੇ ਹਫ਼ਤੇ ਅਨਾਜ ਮੰਡੀ 'ਚ ਕਣਕ ਦੀ ਫ਼ਸਲ ਆਉਣ ਦੀ ਸੰਭਾਵਨਾ ਹੈ। ਇਸ ਲਈ ਜੇ ਕੋਰੋਨਾ ਵਾਇਰਸ ਕਰਕੇ ਕਰਫਿਊ ਦਾ ਸਮਾਂ ਵਧਾਇਆ ਗਿਆ ਤਾਂ ਕਿਸਾਨਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਹੋਣ ਕਰਕੇ ਇਥੇ ਕਣਕ ਦੀ ਆਮਦ ਬਹੁਤ ਜ਼ਿਆਦਾ ਹੁੰਦੀ ਹੈ। ਮੰਡੀ 'ਚ ਕਿਸਾਨਾਂ, ਮਜ਼ਦੂਰਾਂ ਨਾਲ ਆੜ੍ਹਤੀਆਂ ਦੇ ਵੱਡੀ ਗਿਣਤੀ ਮੁਲਾਜ਼ਮ ਹੁੰਦੇ ਹਨ। ਆੜ੍ਹਤੀ ਐਸੋਸੀਏਸ਼ਨ ਖੰਨਾ ਦੇ ਪ੍ਰਧਾਨ ਹਰਬੰਸ ਸਿੰਘ ਰੋਸ਼ਾ ਤੇ ਜਨਰਲ ਸਕੱਤਰ ਯਾਦਵਿੰਦਰ ਸਿੰਘ ਲਿਬੜਾ ਨੇ ਕਿਹਾ ਕਿ ਆੜ੍ਹਤੀਆਂ ਵੱਲੋਂ ਲੋਕ ਹਿੱਤਾਂ ਲਈ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ। ਉਹ ਕੋਈ ਲੈਣ ਦੇਣ ਨਹੀਂ ਕਰਨਗੇ ਤੇ ਫ਼ਸਲ ਦੀ ਖ਼ਰੀਦ-ਵੇਚ ਵੀ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਦਿਨੋਂ ਦਿਨ ਭਿਆਨਕ ਰੂਪ ਧਾਰਨ ਕਰਦਾ ਜਾਂਦਾ ਹੈ। ਇਸ ਲਈ ਬਚਾਅ 'ਚ ਹੀ ਬਚਾਅ ਹੈ। ਸਰਕਾਰ ਨੂੰ ਐਸੋਸੀਏਸ਼ਨ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।

## ਸੋਸ਼ਲ ਮੀਡੀਆ ਉੱਤੇ ਵੀਡੀਓ ਅਪਲੋਡ ਕਰਨ ਲਈ ਹਸਪਤਾਲ ਗਏ ਨੌਜਵਾਨ ਨੂੰ ਪੁਲਸ ਨੇ ਘੇਰਿਆ

ਫਿਲੌਰ, 24 ਮਾਰਚ (ਪੋਸਟ ਬਿਊਰੋ)- ਸਿਵਲ ਹਸਪਤਾਲ ਵਿੱਚ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਮਰੀਜ਼ਾਂ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਉਣ ਦੇ ਚੱਕਰ ਵਿੱਚ ਇੱਕ ਨੌਜਵਾਨ ਸ਼ੱਕੀ ਮਰੀਜ਼ਾਂ ਦੇ ਵਾਰਡ ਵਿੱਚ ਚਲਾ ਗਿਆ। ਜਦੋਂ ਇਸ ਦਾ ਪ੍ਰਸ਼ਾਸਨ ਨੂੰ ਪਤਾ ਲੱਗਾ ਤਾਂ ਉਸ ਨੂੰ 14 ਦਿਨ ਲਈ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਹੈ।




ਅਸਲ ਵਿੱਚ ਸਿਵਲ ਹਸਪਤਾਲ ਦੀ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਇੱਕ ਨੌਜਵਾਨ ਉਸ ਵਾਰਡ ਵਿੱਚ ਖੜ੍ਹੇ ਹੋ ਕੇ ਮਰੀਜ਼ਾਂ ਨਾਲ ਗੱਲ ਕਰ ਰਿਹਾ ਸੀ। ਉਹ ਹਸਪਤਾਲ ਦੇ ਪ੍ਰਬੰਧਾਂ ਦਾ ਖੁਲਾਸਾ ਕਰਨਾ ਚਾਹੁੰਦਾ ਸੀ ਕਿ ਉਥੇ ਮਰੀਜ਼ਾਂ ਨਾਲ ਕਿੰਦਾਂ ਦਾ ਟ੍ਰੀਟਮੈਂਟ ਕੀਤਾ ਜਾਂਦਾ ਹੈ। ਵੀਡੀਓ ਵਿੱਚ ਮਰੀਜ਼ਾਂ ਨੇ ਦੱਸਿਆ ਕਿ ਉਹ ਚੈਕਿੰਗ ਕਰਾਉਣ ਆਏ ਸਨ ਤੇ ਉਨ੍ਹਾਂ ਨੂੰ ਭਰਤੀ ਕਰ ਲਿਆ ਗਿਆ। ਵੀਡੀਓ ਵਾਇਰਲ ਹੁੰਦੇ ਸਾਰ ਪ੍ਰਸ਼ਾਸਨ ਦੇ ਅਧਿਕਾਰੀਆਂ ਵਿੱਚ ਤਰਥੱਲੀ ਮਚ ਗਈ ਕਿ ਉਹ ਵਾਰਡ ਵਿੱਚ ਕਿਵੇਂ ਗਿਆ। ਇਸ ਦੇ ਬਾਅਦ ਸਿਹਤ ਵਿਭਾਗ ਦੀਆਂ ਟੀਮਾਂ ਅਤੇ ਪੁਲਸ ਨੇ ਹਸਪਤਾਲ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਤੋਂ ਉਸ ਦਾ ਪਤਾ ਲਾਇਆ ਅਤੇ ਉਸ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਸਿਹਤ ਵਿਭਾਗ ਦੀ ਟੀਮ ਨੇ ਉਸ ਦੇ ਘਰ ਪਹੁੰਚ ਕੇ ਖ਼ੂਨ ਦੇ ਸੈਂਪਲ ਲਏ ਅਤੇ ਚੌਕਸੀ ਵਜੋਂ 14 ਦਿਨ ਲਈ ਘਰ ਦੇ ਇੱਕ ਕਮਰੇ ਵਿੱਚ ਆਈਸੋਲੇਟ ਕਰ ਦਿੱਤਾ। ਉਸ ਦੇ ਘਰ ਦੇ ਬਾਹਰ ਸਟਿੱਕਰ ਲਾਇਆ ਗਿਆ ਹੈ ਕਿ ਕੋਈ ਉਸ ਨਾਲ ਸੰਪਰਕ ਨਾ ਕਰੇ। ਐਸ ਐਮ ਓ ਡਾਕਟਰ ਜਤਿੰਦਰ ਸਿੰਘ ਨੇ ਕਿਹਾ ਕਿ ਵਾਇਰਲ ਵੀਡੀਓ ਵਿੱਚ ਨੌਜਵਾਨ ਨੇ ਜੋ ਦਾਅਵੇ ਕੀਤੇ ਹਨ, ਉਹ ਵਾਹਵਾਹੀ ਲੁੱਟਣ ਦੇ ਚੱਕਰ ਵਿੱਚ ਸਨ। ਮਰੀਜ਼ਾਂ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ।

## ਵਿਆਂਦੜ ਨੂੰ ਪਾਬੰਦੀਆਂ ਕਾਰਨ ਵੀਹ ਕਿਲੋਮੀਟਰ ਤੁਰਨਾ ਪਿਆ

ਪਠਾਨਕੋਟ, 24 ਮਾਰਚ (ਪੋਸਟ ਬਿਊਰੋ)- ਵਿਆਹ ਕਰਵਾਉਣ ਲਈ ਆਪਣੇ ਪਿੰਡ ਜੰਮੂ-ਕਸ਼ਮੀਰ ਵਿੱਚ ਜਾਣ ਲਈ ਇੱਕ ਨੌਜਵਾਨ ਤੇ ਉਸ ਦੇ ਸਾਥੀ ਨੂੰ ਕੋਰੋਨਾ ਵਾਇਰਸ ਦੀ ਸਥਿਤੀ ਕਾਰਨ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ। ਨਵਾਬ ਸ਼ਰੀਫ ਅਤੇ ਪ੍ਰਤਾਪ ਸਿੰਘ ਦੋਵੇਂ ਹਿਮਾਚਲ ਦੇ ਭਰਮੌਰ ਵਿੱਚ ਮਜ਼ਦੂਰੀ ਕਰਦੇ ਸਨ ਤੇ ਕੱਲ੍ਹ ਜੰਮੂ-ਕਸ਼ਮੀਰ ਦੇ ਰਾਮਬਣ ਜਾਣ ਲਈ ਰਵਾਨਾ ਹੋਏ ਸਨ। ਅਖ਼ੀਰ ਪਠਾਨਕੋਟ ਵਿੱਚ ਖੱਜਲ ਖ਼ੁਆਰ ਹੋਣ ਮਗਰੋਂ ਇੱਕ ਟੈਕਸੀ ਕਿਰਾਏ 'ਤੇ ਮਿਲਣ ਪਿੱਛੋਂ ਉਹ ਰਵਾਨਾ ਹੋਏ ਤੇ ਉਨ੍ਹਾਂ ਨੂੰ ਸੁਖ ਦਾ ਸਾਹ ਲਿਆ। ਵਰਨਣ ਯੋਗ ਹੈ ਕਿ ਬੱਸਾਂ, ਟਰੇਨਾਂ ਰੱਦ ਹੋ ਜਾਣ ਬਾਅਦ ਹਿਮਾਚਲ ਪ੍ਰਦੇਸ਼ ਦੇ ਬਹੁਤ ਸਾਰੇ ਯਾਤਰੀ ਪਠਾਨਕੋਟ ਵਿਖੇ ਖੱਜਲ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਜਾਣ ਦਾ ਕੋਈ ਸਾਧਨ ਨਹੀਂ ਮਿਲ ਰਿਹਾ। ਕੱਲ੍ਹ ਦਿੱਲੀ ਤੋਂ ਪਠਾਨਕੋਟ ਦੀ ਫਲਾਈਟ ਏਥੇ ਦੁਪਹਿਰੇ 12.30 ਵਜੇ ਪੁੱਜਣ ਪਿੱਛੋਂ 10 ਦੇ ਕਰੀਬ ਯਾਤਰੀਆਂ ਨੂੰ ਕੋਈ ਵੀ ਆਟੋ-ਰਿਕਸ਼ਾ ਨਾ ਮਿਲਣ ਕਾਰਨ ਹਵਾਈ ਅੱਡੇ ਤੋਂ ਸ਼ਹਿਰ ਵਿੱਚ ਜਾਣ ਲਈ 7-8 ਕਿਲੋਮੀਟਰ ਪੈਦਲ ਯਾਤਰਾ ਕਰਨੀ ਪਈ ਸੀ। ਸਵੇਰੇ ਵੀ ਉਥੋਂ ਜਦ ਕੋਈ ਸਾਧਨ ਨਾ ਮਿਲਿਆ ਤਾਂ ਉਹ ਪੈਦਲ ਹੀ 20 ਕਿਲੋਮੀਟਰ ਚੱਲ ਕੇ ਪਠਾਨਕੋਟ ਪੁੱਜੇ ਸਨ।

## ਨਵਾਂ ਸ਼ਹਿਰ ਵਿੱਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਹੋਰ ਵਧ ਗਈ

ਨਵਾਂ ਸ਼ਹਿਰ, 24 ਮਾਰਚ (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਕੋਰੋਨਾ ਪਾਜ਼ੀਟਿਵ ਪਾਏ ਗਏ ਮਰੀਜ਼ਾਂ ਵਿੱਚ ਇੱਕ ਹੋਰ ਕੇਸ ਸ਼ਾਮਲ ਹੋਣ ਦੇ ਬਾਅਦ ਗਿਣਤੀ ਵਧ ਕੇ 15 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿੱਚੋਂ ਇੱਕ ਕੋਰੋਨਾ ਪ੍ਰਭਾਵਤ ਵਿਅਕਤੀ ਦੀ ਮੌਤ ਹੋ ਚੁੱਕੀ ਹੈ। ਨਵਾਂ ਪਾਜ਼ੀਟਿਵ ਮਾਮਲਾ ਇਸ ਜ਼ਿਲੇ ਦੇ ਪਿੰਡ ਪਠਲਾਵਾ ਨਾਲ ਸੰਬੰਧਤ ਹੈ ਅਤੇ ਕੋਰੋਨਾ ਨਾਲ ਮਰਨ ਵਾਲੇ ਗਿਆਨੀ ਬਲਦੇਵ ਸਿੰਘ ਦਾ ਪੋਤਰਾ ਹੀ ਹੈ।

ਨਵਾਂ ਸ਼ਹਿਰ ਦੇ ਤਹਿਸੀਲ ਬੰਗਾ ਨਾਲ ਸੰਬੰਧਤ ਜਿਨ੍ਹਾਂ ਤਿੰਨ ਪਿੰਡਾਂ ਵਿੱਚ ਕੋਰੋਨਾ ਵਾਇਰਸ ਦੇ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ਵਿੱਚੋਂ ਬਹੁਤੇ ਲੋਕ ਪਿੰਡ ਪਠਲਾਵਾ ਨਾਲ ਸੰਬੰਧਤ ਅਤੇ ਕੋਰੋਨਾ ਵਾਇਰਸ ਨਾਲ ਮਰਨ ਵਾਲੇ ਬਲਦੇਵ ਸਿੰਘ ਦੇ ਪਿੰਡ ਦੇ ਹਨ। ਮ੍ਰਿਤਕ ਬਲਦੇਵ ਸਿੰਘ ਦੇ ਪਰਵਾਰਕ ਮੈਂਬਰਾਂ ਦੇ ਖ਼ੂਨ ਦੇ ਸੈਂਪਲ ਲਏ ਗਏ ਤਾਂ ਇਨ੍ਹਾਂ ਸੱਤਾਂ ਵਿੱਚੋਂ ਛੇ ਦੀ ਰਿਪੋਰਟ ਕੋਰੋਨਾ ਪਾਜੀਟਿਵ ਮਿਲੀ ਸੀ। ਕੱਲ੍ਹ ਜਸਕਰਨ ਸਿੰਘ ਦੀ ਰਿਪੋਰਟ ਵੀ ਪਾਜੀਟਿਵ ਆਈ ਹੈ।

ਗਿਆਨੀ ਬਲਦੇਵ ਸਿੰਘ ਜਿਸ ਕੀਰਤਨੀ ਜਥੇ ਦੇ ਨਾਲ ਜਰਮਨ ਤੋਂ ਇਟਲੀ ਗਏ ਸਨ, ਉਨ੍ਹਾਂ ਵਿੱਚ ਪਠਲਾਵਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਤੇ ਭਾਈ ਕਨ੍ਹਈਆ ਚੈਰੀਟੇਬਲ ਟਰੱਸਟ ਦੇ ਮੁਖੀ ਬਾਬਾ ਗੁਰਬਚਨ ਸਿੰਘ ਪਠਲਾਵਾ ਅਤੇ ਉਨ੍ਹਾਂ ਦੇ ਸਾਥੀ ਦਲਜਿੰਦਰ ਸਿੰਘ ਪਿੰਡ ਝਿੱਕਾ, ਪਿੰਡ ਪਠਲਾਵਾ ਦੇ ਸਰਪੰਚ ਹਰਪਾਲ ਸਿੰਘ ਵੀ ਕੋਰੋਨਾ ਪਾਜ਼ੀਟਿਵ ਮਿਲੇ ਹਨ। ਇਨ੍ਹਾਂ ਸਾਰਿਆਂ ਨੂੰ ਨਵਾਂ ਸ਼ਹਿਰ ਦੇ ਸਿਵਲ ਹਸਪਤਾਲ ਭਰਤੀ ਕਰਾਇਆ ਗਿਆ ਹੈ।

## ਸਿਸਟਮ 'ਚ ਬਦਲਾਅ ਲਈ ਸੰਘਰਸ਼ ਵਿੱਢਿਆ ਜਾਵੇਗਾ: ਨਵਜੋਤ ਸਿੱਧੂ



ਅੰਮ੍ਰਿਤਸਰ, 24 ਮਾਰਚ (ਪੋਸਟ ਬਿਊਰੋ)- ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਆਪਣੇ ਸ਼ੁਰੂ ਕੀਤੇ ਚੈਨਲ 'ਜਿੱਤੇਗਾ ਪੰਜਾਬ' ਉਤੇ ਕੱਲ੍ਹ ਆਪਣੀ ਤੀਜੀ ਵੀਡੀਓ ਜਾਰੀ ਕਰ ਕੇ ਕਿਹਾ ਕਿ ਨਵੀਂ ਪੀੜ੍ਹੀ ਦੀ ਮਦਦ ਨਾਲ ਸਿਸਟਮ ਵਿੱਚ ਬਦਲਾਅ ਲਿਆਉਣ ਲਈ ਸੰਘਰਸ਼ ਵਿੱਢਿਆ ਜਾਵੇਗਾ।

ਲਗੱਭਗ ਪੌਣੇ ਛੇ ਮਿੰਟ ਦੀ ਇਹ ਵੀਡੀਓ ਉਨ੍ਹਾਂ ਨੇ ਆਪਣੇ ਘਰ ਵਿੱਚ ਬਣਾਈ ਹੈ। ਆਪਣੇ ਰਵਾਇਤੀ ਅੰਦਾਜ਼ ਵਿੱਚ ਲੋਕਾਂ ਨੂੰ ਸੰਬੋਧਨ ਹੁੰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸੰਚਾਰ ਦੇ ਆਧੁਨਿਕ ਢੰਗ ਤਰੀਕਿਆਂ ਦੀ ਮਦਦ ਨਾਲ ਪੰਜਾਬ ਨੂੰ ਢਾਹ ਲਾਉਣ ਵਾਲੇ ਅਤੇ ਪੰਜਾਬ ਦਾ ਪੈਸਾ ਹੋਰਨਾਂ ਦੀਆਂ ਜੇਬਾਂ ਵਿੱਚ ਪਾਉਣ ਵਾਲਿਆਂ ਦੀਆਂ ਪੋਲਾਂ ਖੋਲ੍ਹੀਆਂ ਜਾਣਗੀਆਂ। ਇਸ ਬਾਰੇ ਲੜਾਈ ਜ਼ਮੀਨ ਨਾਲ ਜੁੜੇ ਲੋਕਾਂ ਦੇ ਸਹਿਯੋਗ ਨਾਲ ਲੜੀ ਜਾਵੇਗੀ। ਉਹ ਇਸ ਬਾਰੇ ਲੋਕਾਂ ਨਾਲ ਸਿੱਧਾ ਸੰਪਰਕ ਕਰਨਗੇ ਤੇ ਨਿਰਣ-ਾਇਕ ਜੰਗ ਹੋਵੇਗੀ, ਜਿਸ ਦੇ ਲਈ ਪਹਿਲਾਂ ਲੋਕਾਂ ਦੀ ਮਦਦ ਨਾਲ ਸੜਕਾਂ 'ਤੇ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਹਾਕਮਾਂ ਵੱਲੋਂ ਉਪਰੋਂ ਆਦੇਸ਼ ਜਾਰੀ ਕੀਤੇ ਜਾਂਦੇ ਸਨ ਅਤੇ ਹੇਠਾਂ ਲਾਗੂ ਕਰਾਉਣ ਦਾ ਯਤਨ ਕੀਤਾ ਜਾਂਦਾ ਸੀ ਪਰ ਅਗੋਂ ਸਭ ਕੁਝ ਬਦਲੇਗਾ, ਅਜਿਹਾ ਨਹੀਂ ਚੱਲੇਗਾ।

## ਘਰ ਦੇ ਜੀਆਂ ਤੱਕ ਸੀਮਤ ਰਹੀ ਮਨਪ੍ਰੀਤ ਬਾਦਲ ਦੀ ਮਾਤਾ ਨਮਿਤ ਅੰਤਿਮ ਅਰਦਾਸ

ਲੰਬੀ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲੋਕ ਪੱਖੀ ਨਿਰਣੇ ਹੇਠ ਸਾਬਕਾ ਪਾਰਲੀਮੈਂਟ ਮੈਂਬਰ ਗੁਰਦਾਸ ਸਿੰਘ ਬਾਦਲ ਦੀ ਪਤਨੀ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਮਾਤਾ ਹਰਮਿੰਦਰ ਕੌਰ ਬਾਦਲ ਦੀ ਅੰਤਿਮ ਅਰਦਾਸ ਸਿਰਫ਼ ਪਰਵਾਰਕ ਮੈਂਬਰਾਂ ਤੱਕ ਸੀਮਤ ਰਹੀ ਹੈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਸਮੇਤ ਬਾਦਲ ਖਾਨਦਾਨ ਦੇ ਪ੍ਰਮੁੱਖ ਮੈਂਬਰ ਹੀ ਸ਼ਾਮਲ ਹੋਏ।



ਪਿੰਡ ਬਾਦਲ ਵਿੱਚ ਮਨਪ੍ਰੀਤ ਸਿੰਘ ਬਾਦਲ ਦੀ ਰਿਹਾਇਸ਼ 'ਤੇ ਅਖੰਡ ਪਾਠ ਦੇ ਭੋਗ ਮਗਰੋਂ ਮਾਤਾ ਹਰਮਿੰਦਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਮਾਤਾ ਵਿੱਚ ਹਲੀਮੀ ਅਤੇ ਧਾਰਮਿਕ ਜਜ਼ਬਾ ਸੀ। ਉਨ੍ਹਾਂ ਆਸ ਕੀਤੀ ਕਿ ਉਨ੍ਹਾਂ ਦੀ ਮਾਤਾ ਦੇ ਸੰਸਕਾਰ ਪਰਵਾਰ ਦੀ ਅਗਲੀ ਪੀੜ੍ਹੀ ਵਿੱਚ ਵੀ ਵਿਖਾਈ ਦੇਣ। ਬੀਤੇ ਦਿਨੀਂ ਵਿੱਤ ਮੰਤਰੀ ਨੇ ਸੋਸ਼ਲ ਮੀਡੀਆ ਰਾਹੀਂ ਆਪਣੀ ਮਾਤਾ ਦੇ ਭੋਗ ਮੌਕੇ ਆਮ ਲੋਕਾਂ ਅਤੇ ਮਿੱਤਰ ਸਨੇਹੀਆਂ ਨੂੰ ਕੋਰੋਨਾ ਕਾਰਨ ਇਕੱਠ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਸੀ। ਵਰਨਣ ਯੋਗ ਹੈ ਕਿ ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਮਾਤਾ ਦੀ ਠੰਢੀ ਛਾਂ ਹਮੇਸ਼ਾ ਮਾਨਣ ਲਈ ਆਪਣੀ ਰਿਹਾਇਸ਼ ਨੇੜਲੇ ਖੇਤਾਂ 'ਚ ਆਪਣੀ ਮਾਤਾ ਦੀਆਂ ਅਸਥੀਆਂ ਦਫ਼ਨਾ ਕੇ ਉਥੇ ਬੂਟਾ ਵੀ ਲਾਇਆ ਹੈ, ਜਿਸ ਦੀ ਸ਼ਲਾਘਾ ਹੋ ਰਹੀ ਹੈ।

## ਕਾਨੂੰਨ ਦੀ ਅਣਦੇਖੀ ਕਰਨ 'ਤੇ ਦੁਕਾਨਦਾਰਾਂ ਦੇ ਚਾਲਾਨ ਕੱਟੇ

ਨੂਰਮਹਿਲ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਦੀ ਮਹਾਂਮਾਰੀ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਲਾਕਡਾਊਨ ਦੀ ਸਥਿਤੀ ਵਿੱਚ ਰੋਜ਼ ਦੀ ਵਰਤੋਂ ਵਾਲੀਆਂ ਜ਼ਰੂਰੀ ਵਸਤੂਆਂ ਦੀ ਸਪਲਾਈ ਜਾਰੀ ਰੱਖਣ ਦੀ ਮੰਸ਼ਾ ਤੋਂ ਕੁਝ ਅਦਾਰਿਆਂ ਨੂੰ ਖੋਲ੍ਹਣ ਦੀ ਛੋਟ ਦਿੱਤੀ ਗਈ ਸੀ, ਪਰ ਲੋਕਾਂ ਦੀ ਅਫਰਾ-ਤਫਰੀ ਨੂੰ ਦੇਖਦੇ ਇਸ ਲਾਕਡਾਊਨ ਨੂੰ ਕਰਫਿਊ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਦੋ ਵਜੇ ਦੇ ਬਾਅਦ ਸ਼ਹਿਰ ਵਿੱਚ ਸੰਨਾਟਾ ਪਸਰ ਗਿਆ।

ਇਸ ਦੌਰਾਨ ਸਰਕਾਰ ਦੇ ਹੁਕਮਾਂ ਦੀ ਅਣਦੇਖੀ ਕਰਨ ਵਾਲਿਆਂ ਦੇ ਪੁਲਸ ਵਾਲਿਆਂ ਨੇ ਚਾਲਾਨ ਵੀ ਕੱਟੇ ਹਨ। ਪੁਲਸ ਵੱਲੋਂ ਜਾਰੀ ਸੂਚਨਾ ਅਨੁਸਾਰ ਸੁਰਜੀਤ ਲਾਲ ਪੁੱਤਰ ਜੱਗਾ ਰਾਮ ਪਿੰਡ ਫਤਹਿਪੁਰ (ਹੇਅਰ ਕਟਿੰਗ ਦੀ ਦੁਕਾਨ), ਗੁਰਮੇਜ ਰਾਜ ਪੁੱਤਰ ਬਹਾ-ਦੁਰ ਚੰਦ ਪਿੰਡ ਫਤਹਿਪੁਰ (ਹੇਅਰ ਕਟਿੰਗ ਦੀ ਦੁਕਾਨ), ਵਿਨੋਦ ਕੁਮਾਰ ਪੁੱਤਰ ਚਰਨਜੀਤ ਲਾਲ ਪਿੰਡ ਕੋਟ ਬਾਦਲ ਖ਼ਾਨ (ਹਾਡਰਵੇਅਰ ਦੀ ਦੁਕਾਨ) ਤੇ ਅਮਨਦੀਪ ਕੁਮਾਰ ਪੁੱਤਰ ਸੁਰਜੀਤ ਰਾਮ ਪਿੰਡ ਫਤਹਿਪੁਰ (ਤੱਗੜ) (ਮੋਬਾਈਲ ਅਸੈਸਰੀ ਦੀ ਦੁਕਾਨ) ਮਨਾਹੀ ਦੇ ਬਾਵਜੂਦ ਦੁਕਾਨਾਂ ਖੋਲ੍ਹ ਕੇ ਕਾਨੂੰਨ ਦੀ ਉਲੰਘਣਾ ਕਰ ਰਹੇ ਸੀ। ਪੁਲਸ ਨੇ ਧਾਰਾ-188 ਦੇ ਅਧੀਨ ਪਰਚਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਥਾਣਾ ਮੁਖੀ ਜਤਿੰਦਰ ਕੁਮਾਰ ਨੇ ਕਿਹਾ ਕਿ ਸਰਕਾਰ ਦੇ ਵੱਲੋਂ ਲਾਗੂ ਕਾਨੂੰਨ ਲੋਕਾਂ ਦੀ ਬੇਹਤਰੀ ਦੇ ਲਈ ਹੈ ਅਤੇ ਕਾਨੂੰਨ ਦੇ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਬਿਲਕੁਲ ਬਖਸ਼ਾ ਨਹੀਂ ਜਾਵੇਗਾ।

## ਹਦਾਇਤਾਂ ਦੀ ਉਲੰਘਣਾ ਕਾਰਨ ਸਕੂਲ ਦੀ ਮਾਨਤਾ ਰੱਦ



ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਫੈਲਾਅ ਦੇ ਦੌਰਾਨ ਨਿਯਮਾਂ ਦਾ ਉਲੰਘਣ ਕਰਨ ਵਾਲੇ ਇੱਕ ਸਕੂਲ ਦੀ ਮਾਨਤਾ ਰੱਦ ਕਰ ਕੇ ਚਾਰ ਹੋਰਨਾਂ ਦੇ ਖਿਲਾਫ ਸਖਤ ਕਾਰਵਾਈ ਦਾ ਫੈਸਲਾ ਹੋਇਆ ਹੈ। ਪੰਜਾਬ ਦੇ ਸਿਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਕਿਹਾ ਕਿ ਸਰਕਾਰ ਨੇ ਇਸ ਵਾਇਰਸ ਦੇ ਖਤਰੇ ਨੂੰ ਦੇਖਦੇ ਹੋਏ ਸੂਬੇ ਦੇ ਸਾਰੇ ਸਕੂਲਾਂ ਦੀਆਂ ਸਾਰੀਆਂ ਸਰਗਰਮੀਆਂ 'ਤੇ ਰੋਕ ਲਾ ਦਿੱਤੀ ਹੈ। ਸਕੂਲਾਂ ਦੇ ਸਟਾਫ ਨੂੰ ਵੀ ਰਿਲੀਵ ਕਰ ਦਿੱਤਾ ਸੀ, ਪਰ ਅਜਿਹੀਆਂ ਖਬਰਾਂ ਆ ਰਹੀਆਂ ਹਨ ਕਿ ਕੁਝ ਸਕੂਲ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰ ਰਹੇ ਹਨ। ਪੂਰੀ ਜਾਂਚ ਦੇ ਬਾਅਦ ਸਕੂਲ ਪ੍ਰਬੰਧਕਾਂ ਨੂੰ ਦੋਸ਼ੀ ਪਾਇਆ ਗਿਆ ਹੈ। ਸਿਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸੰਬੰਧਤ ਸਕੂਲਾਂ ਦੀ ਮਾਨਤਾ ਜਾਂ ਐੱਨ ਓ ਸੀ ਰੱਦ ਕਰਨ ਦੇ ਹੁਕਮ ਦਿੱਤੇ ਗਏ ਹਨ।

ਇਸ ਦੌਰਾਨ ਸ੍ਰੀ ਗੁਰੂ ਅਮਰਦਾਸ ਸੀਨੀਅਰ ਸੈਕੰਡਰੀ ਸਕੂਲ ਗੋਇੰਦ-ਵਾਲ (ਤਰਨ ਤਾਰਨ) ਦੀ ਮਾਨਤਾ ਇੱਕ ਅਪ੍ਰੈਲ 2020 ਤੋਂ ਰੱਦ ਕਰ ਦਿੱਤੀ ਗਈ ਤੇ ਸੰਗਰੂਰ, ਬਰਨਾਲਾ, ਜਲੰਧਰ ਤੇ ਤਰਨ ਤਾਰਨ ਦੇ ਜ਼ਿਲਾ ਸਿਖਿਆ ਅਫਸਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਉਲੰਘਣਾ ਕਰਨ ਵਾਲੇ ਚਾਰ ਸਕੂਲ ਬੰਦ ਕਰਨ ਦੇ ਲਈ ਕਾਰਵਾਈ ਕਰਨ।

## ਜਨਤਾ ਕਰਫਿਊ ਵਿੱਚ ਥਾਲੀਆਂ ਖੜਕਾ ਕੇ ਮਾਰਚ ਕੱਢਣ ਵਾਲੇ 11 ਗ੍ਰਿਫ਼ਤਾਰ

ਪਟਿਆਲਾ, 24 ਮਾਰਚ (ਪੋਸਟ ਬਿਊਰੋ)- ਜਨਤਾ ਕਰਫਿਊ ਦੇ ਦੌਰਾਨ ਸ਼ਹਿਰ ਦੇ ਏ ਟੈਂਕ ਵਿੱਚ ਕਾਫ਼ੀ ਲੋਕਾਂ ਨੇ ਇਕੱਠੇ ਹੋ ਕੇ ਥਾਲੀਆਂ ਖੜਕਾ ਕੇ ਮਾਰਚ ਕੱਢਿਆ। ਇਸ ਬਾਰੇ ਥਾਣਾ ਕੋਤਵਾਲੀ ਦੀ ਪੁਲਸ ਨੇ 40 ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਬਾਅਦ ਵਿੱਚ ਥਾਣਾਂ ਕੋਤਵਾਲੀ ਦੀ ਪੁਲਸ ਨੇ 11 ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬਾਕੀਆਂ ਦੀ ਪਛਾਣ ਅਜੇ ਕੀਤੀ ਜਾ ਰਹੀ ਹੈ।



ਇਸ ਸੰਬੰਧ ਵਿੱਚ ਐਸ ਐਸ ਪੀ ਸਿੱਧੂ ਨੇ ਦੱਸਿਆ ਕਿ ਕੋਰੋਨਾ ਵਾਇਰਸ ਇੱਕ ਗੰਭੀਰ ਬੀਮਾਰੀ ਹੈ ਤੇ ਇਸ ਮਾਮਲੇ ਵਿੱਚ ਲਾਪਰਵਾਹੀ ਕਰਨ ਵਾਲਿਆਂ ਨੂੰ ਕਿਸੇ ਕੀਮਤ 'ਤੇ ਨਹੀਂ ਬਖਸ਼ਿਆ ਜਾਵੇਗਾ। ਉਨ੍ਹਾ ਕਿਹਾ ਕਿ ਕੁਝ ਲੋਕਾਂ ਵੱਲੋਂ ਅਜੇ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਵਿਦੇਸ਼ਾਂ ਤੋਂ ਐਨ ਆਰ ਆਈ ਭਰਾਵਾਂ ਵੱਲੋਂ ਲਾਇਵ ਹੋ ਕੇ ਵੀਡੀਓ ਕਲੀਪਿੰਗਸ ਦੇ ਰਾਹੀਂ ਪੰਜਾਬ ਦੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਟਲੀ ਵਿੱਚ ਵੀ ਪਹਿਲਾਂ ਇਸ ਤਰ੍ਹਾਂ ਲਾਪਰਵਾਹੀ ਵਰਤੀ ਗਈ ਸੀ, ਜਿਸ ਕਾਰਨ ਵਿਦੇਸ਼ਾਂ ਵਿੱਚ ਕੋਰੋਨਾ ਇਨੇ ਵੱਡੇ ਪੱਧਰ 'ਤੇ ਫੈਲਿਆ ਹੈ। ਐਸ ਐਸ ਪੀ ਪਟਿਆਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਦੇ ਅੰਦਰ ਰਹਿਣ।



# ਸ਼ਾਹੀਨ ਬਾਗ਼ ਦਾ ਧਰਨਾ ਪੁਲਸ ਨੇ ਤੰਬੂ ਪੁੱਟਵਾ ਕੇ ਖਤਮ ਕਰਵਾ ਲਿਆ







ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਦਿੱਲੀ ਵਿਚ ਲਾਕਡਾਊਨ ਦੇ ਦੂਸਰੇ ਦਿਨ ਪੁਲਿਸ ਨੇ ਸ਼ਾਹੀਨ ਬਾਗ ਦਾ ਧਰਨਾ ਪੂਰੀ ਤਰ੍ਹਾਂ ਚੁਕਵਾ ਦਿੱਤਾ ਹੈ। ਦੱਖਣ ਪੂਰਬੀ ਜ਼ਿਲ੍ਹੇ ਦੇ ਡੀ ਸੀ ਪੀ ਨੇ ਕਿਹਾ ਕਿ ਮੰਗਲਵਾਰ ਸਵੇਰੇ ਉਥੇ ਮੌਜੂਦ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਧਰਨਾ ਚੁੱਕ ਲੈਣ, ਪਰ ਉਹ ਸਹਿਮਤ ਨਹੀਂ ਹੋਏ। ਇਸ ਕੇਸ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਰੋਧ ਪ੍ਰਦਰਸ਼ਨ ਵਾਲੀ ਥਾਂ ਖਾਲੀ ਕਰਵਾਈ ਗਈ ਹੈ ਅਤੇ ਕੁਝ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪਿਛਲੇ ਤਿੰਨ ਮਹੀਨਿਆਂ ਤੋਂ ਚੱਲ ਰਹੇ ਇਸ ਧਰਨੇ ਲਈ ਲਾਏ ਸਾਰੇ ਟੈਂਟਾਂ ਨੂੰ ਅੱਜ ਸਵੇਰੇ ਪੁਲਿਸ ਨੇ ਹਟਾ ਦਿੱਤਾ ਹੈ। ਇਸ ਤੋਂ ਇਲਾਵਾ ਜਾਫਰਾਬਾਦ ਖੇਤਰ ਵਿੱਚ ਭਾਰੀ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ। ਸ਼ਾਹੀਨ ਬਾਗ ਤੇ ਹਾਜ਼ ਰਾਣੀ ਸਮੇਤ ਅੱਠ ਵਿਰੋਧ ਸਥਾਨਾਂ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ ਗਿਆ ਹੈ। ਹਾਲਾਂਕਿ ਕਿਸੇ ਨੂੰ ਵੀ ਹੋਰ ਥਾਵਾਂ ਉੱਤੋਂ ਗ੍ਰਿਫਤਾਰ ਨਹੀਂ ਕੀਤਾ ਗਿਆ। ਦਿੱਲੀ ਵਿੱਚ ਨਾਗਰਿਕਤਾ ਕਾਨੂੰਨ ਅਤੇ ਐਨ ਆਰ ਸੀ ਵਿਰੁੱਧ ਵਿਰੋਧ ਪ੍ਰਦਰਸ਼ਨ ਕਰ ਰਹੇ ਸਾਰੇ ਧਰਨੇ ਅੱਜ ਖਾਲੀ ਹੋ ਗਏ ਹਨ। ਦਸਿਆ ਗਿਆ ਹੈ ਕਿ ਐਤਵਾਰ ਨੂੰ ਜਨਤਾ ਕਰਫਿਊ ਵਾਲੇ ਦਿਨ ਤੋਂ ਹੀ ਸ਼ਾਹੀਨ ਬਾਗ ਦੇ ਪ੍ਰਦਰਸ਼ਨਕਾਰੀਆਂ ਦਾ ਤਨਾਅ ਚੱਲ ਰਿਹਾ ਸੀ। ਉਹ ਜਨਤਾ ਕਰਫਿਊ ਦਾ ਵਿਰੋਧ ਕਰਨ ਅਤੇ ਸਮਰਥਨ ਕਰਨ ਲਈ ਦੋ ਧੜਿਆਂ ਵਿੱਚ ਵੰਡੇ ਗਏ ਸਨ। ਇਸ ਉੱਤੇ ਦੋਵਾਂ ਪਾਸਿਆ ਦਾ ਤਨਾਅ ਏਨਾ ਵੱਧ ਗਿਆ ਸੀ ਕਿ ਪ੍ਰਦਰਸ਼ਨ ਕਰ ਰਹੇ ਲੋਕਾਂ ਨੇ ਇਕ ਦੂਜੇ ਨੂੰ ਜੁੱਤੀਆਂ ਚੱਪਲਾਂ ਵੀ ਮਾਰੀਆਂ ਸਨ। ਉਨ੍ਹਾਂ ਦਾ ਇਕ ਧੜਾ ਸ਼ੁਰੂ ਤੋਂ ਹੀ ਕੋਰੋਨਾ ਵਾਇਰਸ ਦੇ ਖਤਰੇ ਦੇ ਕਾਰਨ ਵਿਰੋਧ ਪ੍ਰਦਰਸ਼ਨ ਖਤਮ ਕਰਨ ਦੇ ਪੱਖ ਵਿਚ ਸੀ। ਦੂਜਾ ਧੜਾ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਧਰਨਾ ਜਾਰੀ ਰੱਖਣ ਉੱਤੇ ਅੜਿਆ ਹੋਇਆ ਸੀ। ਏਥੇ ਐਤਵਾਰ ਤੋਂ ਹੰਗਾਮੇ ਦੀ ਸੰਭਾਵਨਾ ਸੀ ਜਿਸ ਕਾਰਨ ਭਾਰੀ ਪੁਲਿਸ ਫੋਰਸ ਲਾਈ ਗਈ ਸੀ। ਐਤਵਾਰ ਨੂੰ ਇਕ ਪੱਖ ਦੇ ਲੋਕ ਧਰਨੇ ਵਾਲੀ ਥਾਂ ਸੰਕੇਤਕ ਪ੍ਰਦਰਸ਼ਨ ਲਈ ਅਪਣੀਆਂ ਚੱਪਲਾਂ ਰੱਖ ਕੇ ਚਲੇ ਗਏ ਸਨ। ਉਨ੍ਹਾਂ ਨੇ ਪੋਸਟਰ ਲਾ ਕੇ ਦੱਸਿਆ ਸੀ ਕਿ ਉਨ੍ਹਾਂ ਦਾ ਧਰਨਾ ਜਾਰੀ ਹੈ।

# ਸਰਜੀਕਲ ਮਾਸਕ ਅਤੇ ਵੈਂਟੀਲੇਟਰ ਦੇ ਐਕਸਪੋਰਟ ਦੀ ਸਾਜ਼ਿਸ਼ ਕਿਸ ਦੀ ਸ਼ਹਿ 'ਤੇ ਹੋਈ: ਰਾਹੁਲ



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਰਾਹੁਲ ਗਾਂਧੀ ਨੇ ਸਰਜੀਕਲ ਮਾਸਕ, ਵੈਂਟੀਲੇਟਰ ਅਤੇ ਹੋਰ ਸਾਮਾਨ ਦੇ ਐਕਸਪੋਰਟ ਦੀ ਆਗਿਆ ਲਈ ਸਰਕਾਰ ਦੀ ਕਰੜੀ ਆਲੋਚਨਾ ਕਰਦੇ ਹੋਏ ਇਸ ਨੂੰ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ ਤੇ ਸਵਾਲ ਕੀਤੇ ਕਿ ਵਿਸ਼ਵ ਸਿਹਤ ਸੰਗਠਨ (ਡਬਲਿਊ ਐਚ ਓ) ਦੀ ਸਲਾਹ ਦੇ ਬਾਵਜੂਦ ਇਹ ਕਦਮ ਕਿਸ ਦੀ ਸ਼ਹਿ ਉੱਤੇ ਚੁੱਕਿਆ ਗਿਆ ਹੈ।

ਰਾਹੁਲ ਗਾਂਧੀ ਨੇ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕਰਦੇ ਹੋਏ ਟਵੀਟ ਕੀਤਾ, 'ਪ੍ਰਧਾਨ ਮੰਤਰੀ ਜੀ, ਡਬਲਿਊ ਐਚ ਓ ਦੀ ਵੈਂਟੀਲੇਟਰ, ਸਰਜੀਕਲ ਮਾਸਕ ਦਾ ਲੋੜੀਂਦਾ ਸਟੋਕ ਰੱਖਣ ਦੀ ਸਲਾਹ ਦੇ ਉਲਟ ਭਾਰਤ ਸਰਕਾਰ ਨੇ 19 ਮਾਰਚ ਤੱਕ ਉਨ੍ਹਾਂ ਸਭ ਚੀਜ਼ਾਂ ਦੇ ਐਕਸਪੋਰਟ ਦੀ ਆਗਿਆ ਕਿਉਂ ਦਿੱਤੀ?'' ਉਨ੍ਹਾਂ ਨੇ ਇਸ ਨੂੰ ਕੋਰੋਨਾ ਵਾਇਰਸ ਦੇ ਮੱਦੇਨਜ਼ਰ ਇੱਕ ਅਪਰਾਧਿਕ ਸਾਜ਼ਿਸ਼ ਦੱਸਿਆ ਅਤੇ ਸਰਕਾਰ ਤੋਂ ਪੁੱਛਿਆ, ''ਇਹ ਖਿਲਵਾੜ ਕਿੰਨ੍ਹਾਂ ਤਾਕਤਾਂ ਦੀ ਸ਼ਹਿ 'ਤੇ ਹੋਇਆ? ਕਿਉਂ ਇਹ ਅਪਰਾਧਿਕ ਸਾਜ਼ਿਸ਼ ਨਹੀਂ ਹੈ?''

ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਦਾਅਵਾ ਕੀਤਾ ਕਿ ਦੇਸ਼ 'ਤੇ ਕੋਰੋਨਾ ਵਾਇਰਸ ਦੇ ਸੰਕਟ ਦੇ ਵੇਲੇ ਕੇਂਦਰ ਸਰਕਾਰ ਦੀ ਮਨਜ਼ੂਰੀ ਨਾਲ 19 ਮਾਰਚ ਤੱਕ ਵੈਂਟੀਲੇਟਰ ਤੇ ਮਾਸਕ ਦਾ 10 ਗੁਣਾ ਮੁੱਲ ਉੱਤੇ ਐਕਸਪੋਰਟ ਕੀਤਾ ਗਿਆ। ਉਨ੍ਹਾਂ ਨੇ ਟਵੀਟ ਕੀਤਾ, ''ਪ੍ਰਧਾਨ ਮੰਤਰੀ ਜੀ, ਇਹ ਅਪਰਾਧਿਕ ਸਾਜ਼ਿਸ਼ ਹੈ।''

ਭਾਜਪਾ ਦੇ ਆਈ ਟੀ ਸੈੱਲ ਦੇ ਇੰਚਾਰਜ ਅਮਿਤ ਮਾਲਵੀਏ ਨੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਉੱਤੇ ਪਾਬੰਦੀ ਲਾਉਣ ਦਾ ਫ਼ੈਸਲਾ ਡਬਲਿਊ ਐਚ ਓ ਦੀ ਸਲਾਹ ਆਉਣ ਤੋਂ ਕਾਫ਼ੀ ਪਹਿਲਾਂ 31 ਜਨਵਰੀ ਹੋਇਆ ਸੀ। ਮਾਲਵੀਏ ਨੇ ਆਪਣੇ ਟਵੀਟ ਦੇ ਨਾਲ ਕੱਪੜਾ ਮੰਤਰਾਲੇ ਦਾ ਬਿਆਨ ਵੀ ਸਾਂਝਾ ਕੀਤਾ ਜਿਸ ਵਿੱਚ ਸਿਹਤ ਮੰਤਰਾਲੇ ਦੇ ਨਾਲ ਤਾਲਮੇਲ ਲਏ ਇਸ ਫੈਸਲੇ ਦਾ ਬਿਊਰਾ ਦਿੱਤਾ ਗਿਆ ਹੈ।

# ਸ੍ਰੀਨਗਰ-ਜੰਮੂ-ਲੇਹ ਅਤੇ ਕਾਰਗਿਲ ਵਿੱਚ ਥਰਮਲ ਡਰੋਨ ਦੁਆਰਾ ਲੋਕਾਂ ਦੀ ਨਿਗਰਾਨੀ ਰੱਖੀ ਜਾਏਗੀ



ਜੰਮੂ, 24 ਮਾਰਚ (ਪੋਸਟ ਬਿਊਰੋ)- ਕਸ਼ਮੀਰ ਵਿੱਚ ਲੋਕਾਂ ਉਤੇ ਨਿਗਰਾਨੀ ਰੱਖਣ ਲਈ ਥਰਮਲ ਡਰੋਨ ਦੀ ਮਦਦ ਲਈ ਜਾਏਗੀ। ਕਸ਼ਮੀਰ ਜ਼ੋਨ ਦੇ ਆਈ ਜੀ ਵਿਜੇ ਕੁਮਾਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕੀ ਉਹ ਤਾਲਾਬੰਦੀ ਦੇ ਮੱਦੇਨਜ਼ਰ ਘਰਾਂ ਨੂੰ ਨਾ ਛੱਡਣ, ਜਿਸ ਦਾ ਅਸਰ ਵੀ ਹੁੰਦਾ ਵੇਖਿਆ ਗਿਆ ਹੈ।

ਵਰਨਣ ਯੋਗ ਹੈ ਕਿ ਸ੍ਰੀਨਗਰ ਅਤੇ ਜੰਮੂ ਜ਼ਿਲੇ ਵਿੱਚ ਵਧਦੇ ਕੋਰੋਨਾ ਵਾਇਰਸ ਦੇ ਕੇਸਾਂ ਦੇ ਕਾਰਨ ਤਾਲਾਬੰਦੀ ਕਰ ਦਿੱਤੀ ਗਈ ਹੈ। ਲੱਦਾਖ ਵਿੱਚ ਲੇਹ ਤੇ ਕਾਰਗਿਲ ਜ਼ਿਲਿਆਂ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ। ਇਹ ਸਾਰੇ ਜ਼ਿਲੇ 31 ਮਾਰਚ ਤੱਕ ਤਾਲਾਬੰਦ ਰਹਿਣਗੇ ਅਤੇ ਏਥੇ ਸਾਂਝੀਆਂ ਗਤੀਵਿਧੀਆਂ ਬੰਦ ਰਹਿਣਗੀਆਂ। ਲੱਦਾਖ ਵਿੱਚ ਪ੍ਰਭਾਵਤ ਮਰੀਜ਼ਾਂ ਦੀ ਕੁੱਲ ਗਿਣਤੀ 13 ਹੋ ਗਈ ਹੈ। ਜੰਮੂ-ਕਸ਼ਮੀਰ ਦੇ ਸ਼ਾਸਿਤ ਪ੍ਰਦੇਸ਼ ਵਿੱਚ ਹਾਲੇ ਤੱਕ ਕੋਰੋਨਾ ਵਾਇਰਸ ਦੇ ਚਾਰ ਵੱਡੇ ਕੇਸ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ ਤਿੰਨ ਜੰਮੂ ਅਤੇ ਇੱਕ ਕਸ਼ਮੀਰ ਦਾ ਹੈ।

ਓਧਰ ਸ੍ਰੀਨਗਰ ਵਿੱਚ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਪਹਿਲਾ ਵਿਅਕਤੀ ਮਿਲਿਆ ਹੈ। ਉਹ ਡਾਊਨ ਕਸਬੇ ਦਾ ਵਸਨੀਕ ਹੈ। ਕਸ਼ਮੀਰ ਦਾ ਇਹ ਪਹਿਲਾ ਕੇਸ ਹੈ। ਇਸ ਦੀ ਪੁਸ਼ਟੀ ਕਰਦਿਆਂ ਜ਼ਿਲਾ ਪ੍ਰਸ਼ਾਸਨ ਨੇ ਆਲੇ ਦੁਆਲੇ ਦੇ 300 ਮੀਟਰ ਦੇ ਘੇਰੇ ਨੂੰ ਨਿਗਰਾਨੀ ਵਿੱਚ ਲਿਆ ਹੈ। ਪ੍ਰਭਾਵਤ ਵਿਅਕਤੀ ਦੇ ਵਿਦੇਸ਼ ਤੋਂ ਆਉਣ ਦੀ ਖਬਰ ਹੈ। ਜ਼ਿਲਾ ਪ੍ਰਸ਼ਾਸਨ ਨੇ ਕਾਰਗਿਲ ਜ਼ਿਲੇ ਦੇ ਸੰਕੂ ਖੇਤਰ ਵਿੱਚ ਕੋਰੋਨਾ ਦਾ ਪਾਜ਼ਿਟਿਵ ਕੇਸ ਸਾਹਮਣੇ ਆਉਣ ਦੇ ਨਾਲ ਹੀ ਇਸ ਖੇਤਰ ਨੂੰ ਸੀਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਸਬ ਡਵੀਜ਼ਨਲ ਮੈਜਿਸਟਰੇਟ ਨੇ ਸੰਕੂ, ਬੰਗਦੁਬਰ, ਨੱਕਮਕੌਸਰ ਅਤੇ ਨਾਰੰਬੀ ਦੇ ਪਿੰਡਾਂ ਨੂੰ ਬਾਹਰੀ ਲੋਕਾਂ ਲਈ ਬੰਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਨੇੜਲੇ ਪਿੰਡਾਂ ਨੂੰ ਬਫਰ ਜ਼ੋਨ ਵਿੱਚ ਰੱਖਿਆ ਹੈ। ਮੈਜਿਸਟਰੇਟ ਦੇ ਹੁਕਮਾਂ ਤਹਿਤ ਮੋਬਾਈਲ ਦੁਕਾਨਾਂ ਰਾਹੀਂ ਜ਼ਰੂਰੀ ਸਾਮਾਨ ਪਿੰਡਾਂ ਵਿੱਚ ਸਪਲਾਈ ਕੀਤਾ ਜਾਵੇਗਾ। ਉਸ ਤੋਂ ਇਲਾਵਾ ਆਸ਼ਾ ਵਰਕਰ ਅਤੇ ਸਿਹਤ ਕਰਮਚਾਰੀ ਰੋਜ਼ਾਨਾ ਘਰ-ਘਰ ਜਾ ਕੇ ਨਿਗਰਾਨੀ ਅਤੇ ਸਕ੍ਰੀਨਿੰਗ ਕਰਨਗੇ।

# ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਨੇ ਚੌਥੀ ਵਾਰ ਸਾਦੇ ਸਮਾਰੋਹ ਵਿੱਚ ਸਹੁੰ ਚੁੱਕੀ



ਭੋਪਾਲ, 24 ਮਾਰਚ (ਪੋਸਟ ਬਿਊਰੋ)- ਕਰੀਬ 12 ਮਹੀਨੇ ਵਿਰੋਧੀ ਧਿਰ ਵਿੱਚ ਰਹਿਣ ਪਿੱਛੋਂ ਸ਼ਿਵਰਾਜ ਸਿੰਘ ਚੌਹਾਨ ਨੇ ਚੌਥੀ ਵਾਰ ਮੱਧ ਪ੍ਰਦੇਸ਼ ਦੀ ਕਮਾਨ ਸੰਭਾਲ ਲਈ ਹੈ। ਕੱਲ੍ਹ ਰਾਤ ਨੌਂ ਵਜੇ ਰਾਜਪਾਲ ਲਾਲਜੀ ਟੰਡਨ ਨੇ ਰਾਜ ਭਵਨ ਵਿੱਚ ਆਯੋਜਤ ਸਾਦੇ ਸਮਾਰੋਹ ਵਿੱਚ ਉਨ੍ਹਾਂ ਨੂੰ ਅਹੁਦੇ ਅਤੇ ਰਾਜ਼ਦਾਰੀ ਦੀ ਸਹੁੰ ਚੁਕਾਈ। ਸਹੁੰ ਚੁੱਕਣ ਵਾਲੇ ਚੌਹਾਨ ਇਕੱਲੇ ਨੇਤਾ ਹਨ। ਕੈਬਨਿਟ ਦੇ ਬਾਕੀ ਮੰਤਰੀਆਂ ਨੂੰ ਕੁਝ ਦਿਨਾਂ ਬਾਅਦ ਸਹੁੰ ਚੁਕਾਈ ਜਾਵੇਗੀ।

ਸ਼ਿਵਰਾਜ ਚੌਹਾਨ ਚੌਥੀ ਵਾਰ ਮੁੱਖ ਮੰਤਰੀ ਬਣਨ ਵਾਲੇ ਮੱਧ ਪ੍ਰਦੇਸ਼ ਦੇ ਪਹਿਲੇ ਨੇਤਾ ਹਨ। ਇਸ ਤੋਂ ਪਹਿਲਾਂ ਉਨ੍ਹਾ ਨੇ 13 ਸਾਲ ਤੱਕ ਸੂਬੇ ਦੇ ਮੁੱਖ ਮੰਤਰੀ ਦੀ ਕੁਰਸੀ ਸੰਭਾਲੀ ਹੈ। ਸਹੁੰ ਚੁੱਕਣ ਤੋਂ ਪਹਿਲਾਂ ਭਾਜਪਾ ਵਿਧਾਇਕ ਦਲ ਦੀ ਬੈਠਕ ਵਿੱਚ ਸ਼ਿਵਰਾਜ ਨੂੰ ਸਰਬ ਸੰਮਤੀ ਨਾਲ ਨੇਤਾ ਚੁਣਿਆ ਗਿਆ। ਕੋਰਾਨਾ ਵਾਇਰਸ ਦੇ ਖਤਰੇ ਨੂੰ ਦੇਖਦੇ ਹੋਏ ਇਹ ਦੇਸ਼ ਵਿੱਚ ਪਹਿਲਾ ਮੌਕਾ ਸੀ, ਜਦ ਵੀਡੀਓ ਕਾਨਫਰੰਸਿੰਗ ਰਾਹੀਂ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ। ਸਭ ਤੋਂ ਪਹਿਲਾਂ ਗੋਪਾਲ ਭਾਰਗਵ ਨੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਅਤੇ ਫਿਰ ਸ਼ਿਵਰਾਜ ਨੂੰ ਵਿਧਾਇਕ ਦਲ ਦਾ ਨੇਤਾ ਚੁਣੇ ਜਾਣ ਦਾ ਮਤਾ ਰੱਖਿਆ, ਜਿਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਪਹਿਲਾਂ ਤੋਂ ਤੈਅ ਪ੍ਰੋਗਰਾਮ ਮੁਤਾਬਕ ਹਾਈ ਕਮਾਨ (ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ) 25 ਮਾਰਚ ਯਾਨੀ ਨਰਾਤਿਆਂ ਦੀ ਸ਼ੁਰੂਆਤ ਮੌਕੇ ਸਹੁੰ ਚੁਕਾਉਣਾ ਚਾਹੁੰਦੇ ਸਨ, ਪਰ ਕੋਰੋਨਾ ਦੇ ਵਧਦੇ ਖਤਰੇ ਨੂੰ ਦੇਖਦੇ ਹੋਏ ਦੋ ਦਿਨ ਪਹਿਲਾਂ ਹੀ ਸਹੁੰ ਚੁਕਾਉਣ ਦਾ ਫੈਸਲਾ ਲੈ ਲਿਆ ਗਿਆ।

### ਚੀਨਣ ਸਮਝ ਕੇ ਮਨੀਪੁਰ ਦੀ ਲੜਕੀ 'ਤੇ ਥੁੱਕਿਆ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕੌਮੀ ਸਿਹਤ ਸੰਕਟ ਦੇ ਦੌਰਾਨ ਉੱਤਰ-ਪੂਰਬੀ ਲੋਕ ਆਪਣੀਆਂ 'ਚੀਨੀ ਦਿੱਖ' ਵਾਲੀਆਂ ਵਿਸ਼ੇਸ਼ਤਾਵਾਂ ਕਾਰਨ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਤਿੱਖੇ ਹਮਲੇ ਹੇਠ ਆ ਗਏ ਹਨ। ਤਾਜ਼ਾ ਘਟਨਾ ਨਵੀਂ ਦਿੱਲੀ ਦੇ ਵਿਜੇ ਨਗਰ ਦੇਸ਼ ਖੇਤਰ ਦੀ ਹੈ, ਜਿੱਥੇ ਮਨੀਪੁਰ ਦੀ ਇੱਕ ਵਿਦਿਆਰਥਣ ਉੱਤੇ ਜਨਤਾ ਕਰਫਿਊ' ਦੌਰਾਨ ਇੱਕ ਅਣਪਛਾਤੇ ਵਿਅਕਤੀ ਨੇ ਥੁੱਕਿਆ।

ਇਸ ਬਾਰੇ ਦੋਸ਼ ਲਾਇਆ ਗਿਆ ਕਿ ਉਸ ਵਿਅਕਤੀ ਨੇ ਨਾਲ ਕਿਹਾ, 'ਓਹ ਦੇਖੋ ਕੋਰੋਨਾ ਆਉਂਦਾ।' ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਘਟਨਾ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਸਬੰਧਿਤ ਵਿਅਕਤੀ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਹੈ। ਇਸ ਤੋਂ ਇਲਾਵਾ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸ਼ਿਤ ਰਾਜਾਂ ਨੂੰ ਪੱਤਰ ਜਾਰੀ ਕਰਦਿਆਂ ਗ੍ਰਹਿ ਮੰਤਰਾਲੇ ਨੇ ਨਸਲੀ ਹਮਲਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਨਾਲ ਨਜਿੱਠਣ ਨੂੰ ਕਿਹਾ ਹੈ। ਇਹ ਨਸਲੀ ਹਮਲਾ ਕਰਫਿਊ ਖ਼ਤਮ ਹੋਣ ਤੋਂ ਬਾਅਦ ਰਾਤ 9.30 ਵਜੇ ਹੋਇਆ ਸੀ। ਦਿੱਲੀ ਯੂਨੀਵਰਸਿਟੀ ਦੇ ਦੋ ਵਿਦਿਆਰਥੀ ਗਰੌਸਰੀ ਦਾ ਕੁਝ ਸਾਮਾਨ ਲੈਣ ਲਈ ਆਪਣੇ ਪੀ ਜੀ ਤੋਂ ਨਿਕਲੇ ਸਨ ਕਿ ਇੱਕ ਚਿੱਟੇ ਰੰਗ ਦੇ ਦੋ ਪਹੀਆ ਵਾਹਨ 'ਤੇ 40 ਸਾਲਾ ਵਿਅਕਤੀ ਨੇ ਇੱਕ ਵਿਦਿਆਰਥਣ ਦੇ ਮੂੰਹ ਵੱਲ ਥੁੱਕਿਆ। ਇਹ ਘਟਨਾ ਉੱਤਰ-ਪੱਛਮੀ ਦਿੱਲੀ ਦੇ ਵਿਜੇ ਨਗਰ ਵਿਖੇ ਯੂਨੀਵਰਸਿਟੀ ਕੈਂਪਸ ਨੇੜੇ ਵਾਪਰੀ ਹੈ। ਕਰਫਿਊ ਕਾਰਨ ਗਲੀ ਉਜਾੜ ਸੀ। ਇਸ ਘਟਨਾ ਤੋਂ ਤੁਰੰਤ ਬਾਅਦ ਦਿੱਲੀ ਪੁਲਸ ਨੂੰ ਸ਼ਿਕਾਇਤ ਕੀਤੀ ਗਈ। ਬਿਮਾਰੀ ਦੇ ਫੈਲਣ ਦੇ ਪ੍ਰਭਾਵ ਕਾਰਨ ਉੱਤਰ-ਪੂਰਬ ਤੋਂ ਜ਼ਿਆਦਾਤਰ ਹੋਸਟਲਾਂ ਅਤੇ ਪੀ ਜੀ ਦੇ ਨਿਵਾਸੀ ਆਪਣੇ-ਆਪਣੇ ਘਰਾਂ ਨੂੰ ਰਵਾਨਾ ਹੋ ਗਏ ਹਨ। ਦੇਸ਼ ਵਿੱਚ ਉੱਤਰ-ਪੂਰਬੀ ਲੋਕਾਂ ਵਿਰੁੱਧ ਨਸਲੀ ਵਿਤਕਰੇ ਨੇ ਦੇਸ਼ ਵਿੱਚ ਖਾਸ ਕਰਕੇ ਕੋਰੋਨਾ ਦੇ ਫੈਲਣ ਤੋਂ ਬਾਅਦ ਤੇਜ਼ ਰਫ਼ਤਾਰ ਫੜੀ ਹੈ।

ਅਰੁਣਾਚਲ ਪ੍ਰਦੇਸ਼ ਦੇ ਪਾਰਲੀਮੈਂਟ ਮੈਂਬਰ ਤਪੀਰ ਗਾਓ ਨੇ ਦੁਨੀਆ ਵਿੱਚ ਜਾਨਲੇਵਾ ਮਹਾਂਮਾਰੀ ਦੇ ਫ਼ੈਲਣ ਦੀ ਗੱਲ ਕਰਦੇ ਹੋਏ ਉੱਤਰ-ਪੂਰਬੀ ਰਾਜ ਦੇ ਲੋਕਾਂ ਨਾਲ ਵਿਤਕਰੇ ਦਾ ਮੁੱਦਾ ਉਠਾਇਆ। ਗਾਓ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਇੱਕ ਬਿਮਾਰੀ ਕੋਰੋਨਾ ਵਾਇਰਸ ਹੈ। ਪਰ ਉੱਤਰ-ਪੂਰਬ ਦੇ ਲੋਕਾਂ ਨੂੰ ਵਿਤਕਰੇ ਦਾ ਦੋਹਰਾ ਵਿਤਕਰਾ ਸਹਿਣਾ ਪੈ ਰਿਹਾ ਹੈ।

# ਸੁਪਰੀਮ ਕੋਰਟ ਵਿੱਚ ਦਾਖਲੇ ਉੱਤੇ ਪਾਬੰਦੀ, ਬਹੁਤੇ ਜ਼ਰੂਰੀ ਕੇਸਾਂ ਦੀ ਸੁਣਵਾਈ ਹੀ ਹੋਵੇਗੀ



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਭਾਰਤ 'ਚ ਕੋਰੋਨਾ ਵਾਇਰਸ ਦੇ ਤੇਜ਼ੀ ਨਾਲ ਪਸਾਰ ਨੂੰ ਵੇਖਦਿਆਂ ਸੁਪਰੀਮ ਕੋਰਟ 'ਚ ਸਭ ਲੋਕਾਂ ਦੇ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਗਈ ਹੈ, ਸਿਰਫ ਅਤਿਅੰਤ ਜ਼ਰੂਰੀ ਕੇਸਾਂ ਦੀ ਸੁਣਵਾਈ ਵੀਡੀਓ ਕਾਨਫਰੰਸਿੰਗ ਰਾਹੀਂ ਕਰਨ ਦਾ ਫੈਸਲਾ ਲਿਆ ਗਿਆ ਹੈ।

ਚੀਫ ਜਸਟਿਸ ਐੱਸ ਏ ਬੋਬੜੇ ਅਤੇ ਜਸਟਿਸ ਡੀ ਵਾਈ ਚੰਦਰਚੂੜ ਦੇ ਬੈਂਚ ਨੇ ਕੱਲ੍ਹ ਫੈਸਲਾ ਕੀਤਾ ਕਿ ਅਗਲੇ ਹੁਕਮਾਂ ਤੱਕ ਬੇਹੱਦ ਜ਼ਰੂਰੀ ਕੇਸਾਂ ਦੀ ਹੀ ਸੁਣਵਾਈ ਹੋਵੇਗੀ ਤੇ ਉਹ ਵੀ ਵੀਡੀਓ ਕਾਨਫਰੰਸਿੰਗ ਰਾਹੀਂ ਹੋਵੇਗੀ। ਸੁਪਰੀਮ ਕੋਰਟ ਨੇ ਕੱਲ੍ਹ ਸ਼ਾਮ ਸਭ ਵਕੀਲਾਂ ਦੇ ਚੈਂਬਰ ਸੀਲ ਕਰਨ ਦਾ ਹੁਕਮ ਦਿੱਤਾ। ਚੀਫ ਜਸਟਿਸ ਨੇ ਕਿਹਾ ਕਿ ਸਭ ਵਕੀਲਾਂ ਨੂੰ ਬੇਨਤੀ ਕਰ ਦਿੱਤੀ ਗਈ ਹੈ ਕਿ ਉਹ ਆਪਣੇ ਚੈਂਬਰਾਂ 'ਚੋਂ ਜ਼ਰੂਰੀ ਫਾਈਲਾਂ ਅਤੇ ਹੋਰ ਦਸਤਾਵੇਜ਼ ਕੱਢ ਲੈਣ। ਅਗਲੇ ਹੁਕਮਾਂ ਤੱਕ ਕਿਸੇ ਵੀ ਪਟੀਸ਼ਨਰ ਨੂੰ ਨਿੱਜੀ ਤੌਰ 'ਤੇ ਕੇਸ ਵਿੱਚ ਖੁਦ ਬਹਿਸ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸੁਪਰੀਮ ਕੋਰਟ ਨੇ ਰੂਮ 'ਚ ਵੀਡੀਓ ਕਾਨਫਰੰਸਿੰਗ ਲਈ ਵੱਡਾ ਟੀ ਵੀ ਸੈਟ ਲਾ ਦਿੱਤਾ ਹੈ, ਜਿਸ ਦਾ ਲਿੰਕ ਵੈੱਬਸਾਈਟ 'ਤੇ ਜਾਰੀ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਮੁਖੀ ਦੁਸ਼ਿਅੰਤ ਦਵੇ ਨੇ ਦਲੀਲ ਦਿੱਤੀ ਸੀ ਕਿ ਲੋਕ ਅਦਾਲਤ ਵਿੱਚ ਆਉਣ ਤੋਂ ਡਰਦੇ ਹਨ, ਇਸ ਲਈ ਇਥੇ ਛੁੱਟੀਆਂ ਕਰਨ ਦਾ ਐਲਾਨ ਕਰਨ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਪਰ ਚੀਫ ਜਸਟਿਸ ਨੇ ਕਿਹਾ ਕਿ ਇਸ ਸੰਬੰਧੀ ਕਈ ਸਮੱਸਿਆਵਾਂ ਹਨ। ਛੁੱਟੀਆਂ ਦੇ ਨਾਲ ਲਈ ਕੇਸਾਂ 'ਚ ਮਿੱਥੀ ਸਮਾਂ ਹੱਦ ਖਤਮ ਹੋ ਜਾਵੇਗੀ। ਇਸ 'ਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸੁਪਰੀਮ ਕੋਰਟ ਖੁਦ ਲਿਮੀਟੇਸ਼ਨ ਦੀ ਮਿਆਦ ਵਧਾਉਣ ਬਾਰੇ ਸੋਚ ਸਕਦੀ ਹੈ। ਚੀਫ ਜਸਟਿਸ ਨੇ ਕਿਹਾ ਕਿ ਕੋਈ ਵੀ ਵਿਅਕਤੀ ਬਾਹਰ ਨਹੀਂ ਜਾ ਰਿਹਾ, ਇਸ ਲਈ ਆਦਲਤ ਨੂੰ ਬੰਦ ਕਰਨ ਦੀ ਹਾਲਤ 'ਚ ਵੀ ਕੇਸ ਨੂੰ ਫਾਈਲ ਕੀਤਾ ਜਾ ਸਕਦਾ ਹੈ। ਦਵੇ ਨੇ ਕਿਹਾ ਕਿ ਹਰ ਵਿਅਕਤੀ ਕੇਸ ਫਾਈਲ ਕਰਨ ਲਈ ਅਦਾਲਤ 'ਚ ਆਉਣ ਤੋਂ ਡਰਦਾ ਹੈ। ਇਸ ਤੋਂ ਬਾਅਦ ਮਾਣਯੋਗ ਚੀਫ ਜਸਟਿਸ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਮਾਮਲੇ ਸੁਣਨ ਦੀ ਗੱਲ ਕਹੀ।

## ਦਿੱਲੀ ਗੁਰਦੁਆਰਾ ਕਮੇਟੀ ਨੇ ਕੇਜਰੀਵਾਲ ਸਰਕਾਰ ਦੇ ਆਖੇ ਰੈਣ ਬਸੇਰਿਆਂ ਨੂੰ ਲੰਗਰ ਸ਼ੁਰੂ ਕੀਤਾ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਸਰਕਾਰ ਦੀ ਅਪੀਲ 'ਤੇ ਰਾਸ਼ਟਰੀ ਰਾਜਧਾਨੀ ਦੇ ਰੈਣ ਬਸੇਰਿਆਂ ਵਿੱਚ ਲੰਗਰ ਵਰਤਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ ਹੈ।

ਕੱਲ੍ਹ ਜਾਰੀ ਕੀਤੇ ਬਿਆਨ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਸਾਡੇ ਤੱਕ ਪਹੁੰਚ ਕੀਤੀ ਸੀ ਕਿ ਰੈਣ ਬਸੇਰਿਆਂ ਵਿੱਚ ਲੰਗਰ ਦੀ ਲੋੜ ਹੈ ਅਤੇ ਅਸੀਂ ਇਹ ਲੰਗਰ ਦੀ ਇਹ ਸੇਵਾ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਵੀ ਦਿੱਲੀ ਸਰਕਾਰ ਕਹੇਗੀ ਜਾਂ ਸੰਗਤ ਮਹਿਸੂਸ ਕਰੇਗੀ ਤਾਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹਰ ਲੋੜੀਂਦੀ ਥਾਂ ਲੰਗਰ ਭੇਜਣ ਦੀ ਸੇਵਾ ਕਰੇਗੀ। ਸਿਰਸਾ ਨੇ ਇਹ ਵੀ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਇੱਕ ਸਰਾਂ ਦਿੱਲੀ ਸਰਕਾਰ ਨੂੰ ਕੁਆਰੰਟਾਈਨ ਵਾਸਤੇ ਦੇਣ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਅਨੁਸਾਰ ਸਰਕਾਰ ਜਿੰਨੇ ਵੀ ਠੀਕ ਸਮਝੇ ਮਰੀਜ਼ ਇਥੇ ਠਹਿਰਾ ਸਕਦੀ ਹੈ, ਅਸੀਂ ਉਨ੍ਹਾਂ ਵਾਸਤੇ ਲੰਗਰ ਤੇ ਹੋਰ ਲੋੜੀਂਦਾ ਹਰ ਸਾਮਾਨ ਵੀ ਹਾਸਲ ਕਰਾਵਾਂਗੇ।

ਇਸ ਮੌਕੇ ਮਨਜਿੰਦਰ ਸਿੰਘ ਸਿਰਸਾ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਕੋਰੋਨਾ ਵਾਇਰਸ ਵਰਗੀ ਮਹਾਮਾਰੀ ਦੇ ਇਸ ਸਮੇਂ ਵਿੱਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਕਹੇ ਅਨੁਸਾਰ ਲੋੜਵੰਦਾਂ ਦੀ ਵੱਧ ਤੋਂ ਵੱਧ ਸੇਵਾ ਕੀਤੀ ਜਾਵੇ ਅਤੇ ਗੁਰੂ ਦੇ ਸਿੱਖ ਵਜੋਂ ਇਸ 'ਤੇ ਪੂਰਾ ਪਹਿਰਾ ਦਿੱਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਦਿੱਲੀ ਵਿੱਚ ਕੋਰੋਨਾ ਕਾਰਨ ਲਾਕ ਡਾਊਨ ਹੋਇਆ ਹੈ, ਉਸ ਕਾਰਨ ਦਿੱਲੀ ਗੁਰਦੁਆਰਾ ਕਮੇਟੀ ਨੇ ਤੈਅ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਅਨੁਸਾਰ ਗੁਰਦੁਆਰਾ ਸਾਹਿਬਾਨ ਵਿੱਚ ਸੇਵਾ ਕੀਤੀ ਜਾਵੇ ਤੇ ਇਹ ਸੇਵਾ ਕੇਵਲ ਨੌਜਵਾਨ ਮੁੰਡਿਆਂ ਨੂੰ ਸੰਭਾਲੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਵੀ ਉਹ ਨੌਜਵਾਨ ਹੋਣਗੇ, ਜੋ ਗੁਰਦੁਆਰਾ ਸਾਹਿਬਾਨ ਦੇ ਕੰਪਲੈਕਸ ਅੰਦਰ ਹੀ ਰਹਿ ਰਹੇ ਹੋਣਗੇ ਤੇ ਬਾਹਰੀ ਸੰਗਤ ਸੇਵਾ ਵਿੱਚ ਸ਼ਾਮਲ ਹੋਣ ਤੋਂ ਗੁਰੇਜ਼ ਕਰੇ ਕਿਉਂਕਿ ਹਾਲਾਤ ਇਸ ਲਈ ਇਜਾਜ਼ਤ ਨਹੀਂ ਦਿੰਦੇ। ਉਨ੍ਹਾਂ ਅਪੀਲ ਕੀਤੀ ਕਿ ਸੰਗਤ ਗੁਰਦੁਆਰਾ ਸਾਹਿਬਾਨ ਆਉਣ ਦੀ ਥਾਂ ਘਰਾਂ ਵਿੱਚ ਰਹਿ ਕੇ ਨਾਮ ਸਿਮਰਨ ਕਰੇ, ਬੰਦਗੀ ਕਰੇ ਅਤੇ ਦੁਨੀਆ ਵਿੱਚੋਂ ਮਹਾਮਾਰੀ ਖਤਮ ਹੋਣ ਲਈ ਅਰਦਾਸਾਂ ਕਰੇ।

## ਕੋਰੋਨਾ ਵਾਇਰਸ ਕਾਰਨ ਆਟੋ ਕੰਪਨੀਆਂ ਨੇ ਉਤਪਾਦਨ ਰੋਕਿਆ



ਚੰਡੀਗੜ੍ਹ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਨਾਲ ਜੰਗ ਦੇ ਦੌਰਾਨ ਭਾਰਤ ਦੀ ਸਭ ਤੋਂ ਵੱਡੀ ਵਾਹਨ ਨਿਰਮਾਤਾ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਨੇ ਗੁਰੂਗ੍ਰਾਮ ਅਤੇ ਮਾਨੇਸਰ (ਦੋਵੇਂ ਹਰਿਆਣਾ 'ਚ) ਪਲਾਂਟ ਅਣ-ਐਲਾਨੇ ਸਮੇਂ ਲਈ ਬੰਦ ਕਰ ਦਿੱਤੇ ਹਨ। ਇਸ ਦੌਰਾਨ ਕੰਪਨੀ ਦਾ ਰੋਹਤਕ ਦਾ ਆਰ ਐਂਡ ਡੀ ਸੈਂਟਰ ਵੀ ਬੰਦ ਰਹੇਗਾ।

ਕੰਪਨੀ ਮੈਨੇਜਮੈਂਟ ਨੇ ਇਸ ਦੀ ਜਾਣਕਾਰੀ ਨੈਸ਼ਨਲ ਸਟਾਕ ਐਕਸਚੇਂਜ ਅਤੇ ਬੀ ਐਸ ਈ ਨੂੰ ਲਿਖਤੀ ਰੂਪ ਵਿੱਚ ਦਿੱਤੀ ਹੈ। ਇਸ ਦੌਰਾਨ ਮਹਿੰਦਰਾ ਐਂਡ ਮਹਿੰਦਰਾ, ਹੀਰੋ ਮੋਕੋਕਾਰਪ ਅਤੇ ਹੋਂਡਾ ਕਾਰਸ ਇੰਡੀਆ ਨੇ ਵੀ ਮੌਜੂਦਾ ਬਦਲੇ ਮਾਹੌਲ 'ਚ ਆਪਣੇ ਕੁਝ ਪਲਾਂਟਾਂ ਨੂੰ ਬੰਦ ਰੱਖਣ ਦਾ ਐਲਾਨ ਕੀਤਾ ਹੈ। ਮਾਰੂਤੀ ਸੁਜ਼ੂਕੀ ਦੇ ਮੀਤ ਪ੍ਰਧਾਨ ਅਤੇ ਕੰਪਨੀ ਸੈਕਟਰੀ ਸੰਜੀਵ ਗਰੋਵਰ ਨੇ ਦੱਸਿਆ ਕਿ ਗੁਰੂਗ੍ਰਾਮ ਤੇ ਮਾਨੇਸਰ ਦੇ ਪਲਾਂਟ ਵਿੱਚ ਕੋਰੋਨਾ ਵਾਇਰਸ ਤੋਂ ਬਚਣ ਲਈ ਸੈਨੇਟਾਈਜ਼ੇਸ਼ਨ ਦੀ ਵਿਵਸਥਾ ਕੀਤੀ ਗਈ ਹੈ। ਕਰਮਚਾਰੀਆਂ ਦੀ ਯਾਤਰਾ 'ਤੇ ਪਾਬੰਦੀ ਲਾ ਕੇ ਉਨ੍ਹਾਂ ਦੀ ਸਿਹਤ ਦਾ ਪੂਰਾ ਖ਼ਿਆਲ ਰੱਖਿਆ ਜਾ ਰਿਹਾ ਹੈ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਅਗਲੇ ਕਦਮ ਵਜੋਂ ਕੰਪਨੀ ਨੇ ਉਤਪਾਦਨ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਪਲਾਂਟ ਕਦੋਂ ਖੁੱਲਣਗੇ, ਇਹ ਸਰਕਾਰ ਦੀਆਂ ਨੀਤੀਆਂ 'ਤੇ ਨਿਰਭਰ ਕਰੇਗਾ। ਕੰਪਨੀ 'ਚ ਉਤਪਾਦਨ ਬੰਦ ਹੋਣ ਨਾਲ ਪਲਾਂਟ 'ਚ ਲੱਗੇ ਅਸਥਾਈ ਮੁਲਜ਼ਾਮਾਂ ਦੇ ਨਾਲ ਹੀ ਸਹਾਇਕ ਕੰਪਨੀਆਂ ਨਾਲ ਜੁੜੇ ਹਜ਼ਾਰਾਂ ਕਰਮਚਾਰੀਆਂ ਦੇ ਰੁਜ਼ਗਾਰ 'ਤੇ ਸੰਕਟ ਦੇ ਬੱਦਲ ਛਾ ਗਏ ਹਨ।

ਦੂਜੇ ਪਾਸੇ, ਹਾਂਡਾ ਕਾਰਸ ਨੇ ਰਾਜਸਥਾਨ ਦੇ ਤਪੁਕਰਾ ਤੇ ਉੱਤਰ ਪ੍ਰਦੇਸ਼ ਦੇ ਗ੍ਰੇਟਰ ਨੋਇਡਾ ਦੁ ਆਪਣੇ ਪਲਾਂਟਾਂ ਨੂੰ 31 ਮਾਰਚ ਤੱਕ ਬੰਦ ਰੱਖਣ ਦਾ ਫ਼ੈਸਲਾ ਕੀਤਾ ਹੈ। ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੈਨੇਜਮੈਂਟ ਹਾਲਾਤ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ 'ਤੇ ਸਥਿਤੀ ਅਨੁਕੂਲ ਹੋਣ ਤੋਂ ਬਾਅਦ ਉਤਪਾਦਨ ਦੁਬਾਰਾ ਸ਼ੁਰੂ ਕਰਨ ਦਾ ਫ਼ੈਸਲਾ ਹੋਵੇਗਾ।



# ਟਰੰਪ ਦੇ ਕਾਰੋਬਾਰੀ ਹਿੱਤਾਂ ਉੱਤੇ ਵੀ ਸੰਕਟ ਆਉਣਾ ਸ਼ੁਰੂ



ਵਾਸ਼ਿੰਗਟਨ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਤੋਂ ਨਾ ਕੇਵਲ ਜਨਤਕ ਨੁਕਸਾਨ ਹੋ ਰਿਹਾ ਹੈ, ਸਗੋਂ ਵੱਡੇ ਪੱਧਰ 'ਤੇ ਆਰਥਿਕ ਗਤੀਵਿਧੀਆਂ 'ਤੇ ਵੀ ਮਾੜਾ ਅਸਰ ਪਿਆ ਹੈ। ਦੁਨੀਆ ਦੇ ਸਭ ਤੋਂ ਤਾਕਤਵਰ ਸਿਆਸਤਦਾਨ ਡੋਨਾਲਡ ਟਰੰਪ ਵੀ ਇਸ ਤੋਂ ਨਹੀਂ ਬਚ ਸਕੇ। ਉਨ੍ਹਾਂ ਦੇ ਕਾਰੋਬਾਰੀ ਹਿੱਤ ਕਾਫੀ ਪ੍ਰਭਾਵਤ ਹੋਏ ਹਨ।

ਪਤਾ ਲੱਗਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪਰਵਾਰਕ ਹੋਟਲ ਦਾ ਕਾਰੋਬਾਰ ਵੀ ਲੜਖੜਾ ਗਿਆ ਹੈ। ਕਈ ਹੋਟਲਾਂ ਦੇ ਆਪਰੇਸ਼ਨਾਂ ਵਿੱਚ ਕਟੌਤੀ ਕਰਨੀ ਪਈ ਹੈ। ਇਨ੍ਹਾਂ ਸਭ ਦੇ ਹੋਰ ਅਦਾਰੇ ਖੁੱਲ੍ਹੇ ਹਨ ਅਤੇ ਸੋਸ਼ਲ ਮੀਡੀਆ ਵਿੱਚ ਉਨ੍ਹਾਂ ਨੂੰ ਪ੍ਰਮੋਟ ਕਰਨ ਦੀ ਵੀ ਕੋਸ਼ਿਸ਼ ਹੋ ਰਹੀ ਹੈ। ਜਾਣਕਾਰਾਂ ਦੇ ਦੱਸਣ ਮੁਤਾ-ਬਕ ਪਿਛਲੇ ਦਿਨਾਂ ਵਿੱਚ ਟਰੰਪ ਆਰਗੇਨਾਈਜ਼ੇਸ਼ਨ ਨੇ ਨਿਊ ਯਾਰਕ ਅਤੇ ਵਾਸ਼ਿੰਗਟਨ ਦੇ ਹੋਟਲਾਂ ਵਿੱਚ ਸਟਾਫ ਦੀ ਗਿਣਤੀ ਵਿੱਚ ਕਟੌਤੀ ਕੀਤੀ ਹੈ। ਲਾਸ ਵੇਗਾਸ ਦੇ ਹੋਟਲ ਵਿੱਚ ਬੁਕਿੰਗ ਰੋਕ ਦਿੱਤੀ ਗਈ ਹੈ। ਲਾਸ ਏਂਜਲਸ ਅਤੇ ਮਿਆਮੀ ਵਿੱਚ ਗੋਲਫ ਕੋਰਸ ਬੰਦ ਕਰ ਦਿੱਤੇ ਹਨ। ਫਲੋਰੀਡਾ ਵਿਚਲਾ ਮਾਰ-ਏ-ਲਾਗੋ ਕਲੱਬ ਵੀ ਬੰਦ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਟਰੰਪ ਵੀ ਕਲੱਬ ਵਿੱਚ ਆਉਂਦੇ ਰਹਿੰਦੇ ਹਨ। ਇਸ ਹਾਲ ਵਿੱਚ ਅਗਲੇ ਦਿਨਾਂ ਵਿੱਚ ਹੋਰ ਛਾਂਟੀ ਦੇ ਸ਼ੱਕ ਕਾਰਨ ਇੱਕ ਕੰਪਨੀ ਦੇ ਐਗਜ਼ੀਕਿਊਟਿਵ ਦੱਸਦੇ ਹਨ ਕਿ ਇਹ ਆਖਰੀ ਬਦਲ ਹੋਵੇਗਾ। ਪਹਿਲ ਤਾਂ ਹਜ਼ਾਰਾਂ ਕਰਮਚਾਰੀਆਂ ਦੀ ਨੌਕਰੀ ਬਚਾਉਣ ਦੀ ਹੈ। ਕੰਪਨੀ ਦੇ ਕੋਲ ਦਰਜਨਾਂ ਗੋਲਫ ਕਲੱਬ ਅਤੇ ਸ਼ਿਕਾਗੋ, ਹਵਾਈ, ਨਿਊ ਯਾਰਕ, ਲਾਸ ਵੇਗਾਸ, ਵੈਨਕੂਵਰ, ਵਾਸ਼ਿੰਗਟਨ ਦੇ ਇਲਾਵਾ ਆਇਰਲੈਂਡ ਅਤੇ ਸਕਾਟਲੈਂਡ ਵਿੱਚ ਪੰਜ ਸਿਤਾਰਾ ਹੋਟਲ ਹਨ। ਇਹ ਅਦਾਰੇ ਅਜੇ ਖੁੱਲ੍ਹੇ ਹਨ ਤੇ ਕੰਪਨੀ ਨੇ ਸੋਸ਼ਲ ਮੀਡੀਆ ਅਤੇ ਡਾਇਰੈਕਟ ਈ-ਮੇਲ ਨਾਲ ਪ੍ਰਮੋਸ਼ਨਲ ਮੁਹਿੰਮ ਜਾਰੀ ਰੱਖੀ ਹੈ। ਇਸੇ ਲੜੀ ਵਿੱਚ ਨਿਊ ਯਾਰਕ ਸਿਟੀ ਵਿੱਚ ਸਥਿਤ ਇੱਕ ਜਨਤਕ ਗੋਲਫ ਕੋਰਸ-ਟਰੰਪ ਗੋਲਫ ਲਿੰਕਸ ਨੇ ਸ਼ੁੱਕਰਵਾਰ ਸਵੇਰੇ ਟਵਿੱਟਰ ਰਾਹੀਂ ਮਹਿਮਾਨਾਂ ਨੂੰ ਸੱਦਾ ਦਿੰਦੇ ਹੋਏ ਕਿਹਾ, ਤਾਜੀ ਹਵਾ ਚਾਹੀਦੀ ਹੈ? ਤਣਾਅ ਘੱਟ ਕਰਨ ਅਤੇ ਸੋਸ਼ਲ ਡਿਸਟੈਂਸਿੰਗ ਦੇ ਲਈ ਗੋਲਫ ਕਲੱਬ ਚੰਗੀ ਜਗ੍ਹਾ ਹੈ, ਜੋ ਖੁੱਲ੍ਹਾ ਹੈ।

# ਨਿਊਜ਼ੀਲੈਂਡ ਵਿੱਚ ਵੀ ਲਾਕ ਡਾਊਨ ਦਾ ਐਲਾਨ

ਵੈਲਿੰਗਟਨ, 24 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪ੍ਰਧਾਨਮੰਤਰੀ ਜੈਸਿੰਡਾ ਅਰਡਰਨ ਨੇ ਆਪਣੇ ਦੇਸ਼ ਵਿੱਚ ਕਮਿਊਨਿਟੀ ਟ੍ਰਾਂਸਮਿਸ਼ਨ ਦੇ ਪਹਿਲੇ ਕੇਸ ਦੇ ਸਾਹ-ਮਣੇ ਆਉਣ ਪਿੱਛੋਂ ਕੋਰੋਨਾ ਵਾਇਰਸ ਦੀ ਲਾਗ ਦੇ ਪ੍ਰਸਾਰ ਨੂੰ ਰੋਕਣ ਦੇ ਲਈ ਬੁੱਧਵਾਰ ਨੂੰ ਲਾਕ ਡਾਊਨ ਦਾ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਇਸ ਦੇਸ਼ ਵਿੱਚ ਕੱਲ੍ਹ ਵਾਇਰਸ ਦੇ 36 ਨਵੇਂ ਕੇਸ ਸਾਹਮਣੇ ਆਉਣ ਮਗਰੋਂ ਇਹ ਅੰਕੜਾ ਕੁੱਲ 102 ਹੋ ਗਿਆ ਹੈ, ਜਿਸ ਵਿੱਚੋਂ ਜ਼ਿਆਦਾਤਰ ਕੇਸਾਂ ਵਿਚ ਮਰੀਜ਼ਾਂ ਨੇ ਵਿਦੇਸ਼ ਯਾਤਰਾ ਕੀਤੀ ਸੀ, ਪਰ ਅਜਿਹਾ ਮੰਨਿਆ ਜਾ ਰਿਹਾ ਹੈ ਕਿ ਦੋ ਮਾਮਲੇ ਸਥਾਨਕ ਲੋਕਾਂ ਦੇ ਆਪਸ ਵਿੱਚ ਸੰਪਰਕ ਆਉਣ ਦੇ ਬਾਅਦ ਸਾਹਮਣੇ ਆਏ ਹਨ।

ਪ੍ਰਧਾਨ ਮੰਤਰੀ ਜੈਸਿੰਡਾ ਨੇ ਕਿਹਾ, ਦੇਸ਼ ਕੱਲ੍ਹ ਲੈਵਲ-3 ਵਿੱਚ ਦਾਖਲ ਹੋ ਗਿਆ ਹੈ ਅਤੇ ਸਭ ਤੋਂ ਗੰਭੀਰ ਸਥਿਤੀ ਲੈਵਲ-4 ਨਾਲ ਨਿਪਟਣ ਦੀ ਤਿਆਰੀ ਹੈ, ਬੁੱਧਵਾਰ ਨੂੰ ਲਾਕ ਡਾਊਨ ਹੋਵੇਗਾ ਅਤੇ ਅਜਿਹੇ ਵਿੱਚ ਲੋਕਾਂ ਨੂੰ ਆਈਸੋਲੇਸ਼ਨ ਵਿੱਚ ਭੇਜੇ ਜਾਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ, ਆਸ ਅਨੁਸਾਰ ਲਾਕ ਡਾਊਨ ਚਾਰ ਹਫਤੇ ਤੱਕ ਚੱਲੇਗਾ। ਲੈਵਲ-4 ਵਿੱਚ ਸਕੂਲਾਂ ਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾਏਗਾ। ਸੁਪਰ ਮਾਰਕੀਟ, ਹਸਪਤਾਲ, ਮੈਡੀਕਲ ਸਟੋਰ, ਸਰਵਿਸ ਸਟੇਸ਼ਨ ਵਰਗੀਆਂ ਜ਼ਰੂਰੀ ਸੇਵਾਵਾਂ ਚਾਲੂ ਰਹਿਣਗੀਆਂ। ਲੋਕਾਂ ਨੂੰ ਬਾਹਰ ਖੁੱਲ੍ਹੀਆਂ ਥਾਵਾਂ ਵਿੱਚ ਆਪਣੇ ਆਪ ਜਾਂ ਉਨ੍ਹਾਂ ਲੋਕਾਂ ਦੇ ਨਾਲ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ, ਜਿਨ੍ਹਾਂ ਦੇ ਨਾਲ ਉਹ ਆਈਸੋਲੇਸ਼ਨ ਵਿੱਚ ਹਨ। ਪ੍ਰਧਾਨ ਮੰਤਰੀ ਅਰਡਰਨ ਨੇ ਕਿਹਾ, ਜੇ ਨਿਊਜ਼ੀਲੈਂਡ ਵਿੱਚ ਕਮਿਊਨਿਟੀ ਟ੍ਰਾਂਸਮਿਸ਼ਨ ਸ਼ੁਰੂ ਹੋ ਗਿਆ ਤਾਂ ਹਰ ਪੰਜ ਦਿਨਾਂ ਵਿੱਚ ਕੇਸਾਂ ਵਿੱਚ ਵਾਧਾ ਸ਼ੁਰੂ ਹੁੰਦਾ ਚਲਾ ਜਾਏਗਾ। ਉਨ੍ਹਾਂ ਨੇ ਅੱਗੇ ਕਿਹਾ, ਅਜਿਹੀ ਬੇਕਾਬੂ ਸਥਿਤੀ ਵਿੱਚ ਸਾਡੀ ਸਿਹਤ ਪ੍ਰਣਾਲੀ ਡੁੱਬ ਜਾਏਗੀ ਅਤੇ ਦਸ ਹਜ਼ਾਰ ਨਿਊਜ਼ੀਲੈਂਡ ਵਾਸੀ ਮਾਰੇ ਜਾਣਗੇ। ਇਹ ਚਿੰਤਾ ਦਾ ਵਿਸ਼ਾ ਹੈ।




ਦੇਸ਼ ਵਿਚ ਅਜੇ ਤੱਕ ਕੁਲ 102 ਪਾਜ਼ੀਟਿਵ ਕੇਸ






# ਅਫਗਾਨਿਸਤਾਨ ਵਿੱਚ ਕੈਦੀਆਂ ਦੀ ਰਿਹਾਈ 'ਤੇ ਗੱਲਬਾਤ

ਕਾਬੁਲ, 24 ਮਾਰਚ (ਪੋਸਟ ਬਿਊਰੋ)- ਅਫ਼ਗਾਨਿਸਤਾਨ ਸਰਕਾਰ ਤੇ ਤਾਲਿਬਾਨ ਨੇ ਕੈਦੀਆਂ ਦੀ ਅਦਲਾ-ਬਦਲੀ ਬਾਰੇ ਵੀਡੀਓ ਕਾਨਫਰੰਸਿੰਗ ਜ਼ਰੀਏ ਗੱਲ ਕੀਤੀ ਹੈ। ਇਸ ਦੌਰਾਨ ਦੋਵਾਂ ਧਿਰਾਂ ਨੇ ਹਿੰਸਾ 'ਚ ਕਮੀ, ਸਿੱਧੀ ਗੱਲਬਾਤ ਤੇ ਸਥਾਈ ਤੇ ਵਿਆਪਕ ਜੰਗਬੰਦੀ 'ਤੇ ਆਪਣੀ ਵਚਨਬੱਧਤਾ ਪ੍ਰਗਟਾਈ ਹੈ।

ਇਸ ਸੰਬੰਧ ਵਿੱਚ ਅਫ਼ਗਾਨਿਸਤਾਨ 'ਚ ਅਮਰੀਕਾ ਦੇ ਵਿਸ਼ੇਸ਼ ਦੂਤ ਜਾਲਮੇ ਖਲੀਲਜਾਦ ਨੇ ਕੋਰੋਨਾ ਇਨਫ਼ੈਕਸ਼ਨ ਵਧਣ ਦਾ ਹਵਾਲਾ ਦਿੰਦੇ ਹੋਏ ਤਾਲਿਬਾਨ ਨੂੰ ਵੀ ਕੈਦੀਆਂ ਦੀ ਛੇਤੀ ਰਿਹਾਈ ਸ਼ੁਰੂ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਇੱਕ ਨਵੇਂ ਘਟਨਾਕ੍ਰਮ ਹੇਠ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਵੀ ਕੱਲ੍ਹ ਕਾਬੁਲ ਆ ਪਹੁੰਚੇ। ਉਨ੍ਹਾਂ ਦਾ ਰਾਸ਼ਟਰਪਤੀ ਅਸ਼ਰਫ ਗਨੀ ਤੇ ਉਨ੍ਹਾਂ ਦੇ ਵਿਰੋਧੀ ਅਬਦੁੱਲਾ-ਅਬਦੁੱਲਾ ਨੂੰ ਮਿਲਣ ਦਾ ਪ੍ਰੋਗਰਾਮ ਹੈ।ਇਸ ਤੋਂ ਪਹਿਲਾਂ ਖਲੀਲਜਾਦ ਨੇ ਇੱਕ ਟਵੀਟ 'ਚ ਕਿਹਾ, 'ਸ਼ਾਂਤੀ ਪ੍ਰਕਿਰਿਆ ਦੀ ਸਥਿਤੀ 'ਚ ਦੋਵੇਂ ਧਿਰਾਂ ਵੱਲੋਂ ਕੈਦੀਆਂ ਦੀ ਰਿਹਾਈ ਇੱਕ ਮਹੱਤਵ ਪੂਰਨ ਕਦਮ ਹੈ। ਅਮਰੀਕਾ-ਤਾਲਿਬਾਨ ਸਮਝੌਤੇ 'ਚ ਵੀ ਇਸ ਦਾ ਜ਼ਿਕਰ ਕੀਤਾ ਗਿਆ ਹੈ। ਅੱਗੇ ਦੀ ਚਰਚਾ ਹੋਰ ਜ਼ਿਆਦਾ ਮਹੱਤਵ ਪੂਰਨ, ਗੰਭੀਰ ਤੇ ਵਿਸਥਾਰਤ ਹੋਵੇਗੀ।' ਖਲੀਲਜਾਦ ਨੇ ਲਿਖਿਆ ਕਿ ਹਰ ਵਿਅਕਤੀ ਕੋਰੋਨਾ ਦੇ ਖਤਰੇ ਨੂੰ ਚੰਗੀ ਤਰ੍ਹਾਂ ਨਾਲ ਸਮਝਦਾ ਹੈ, ਇਸ ਲਈ ਕੈਦੀਆਂ ਦੀ ਰਿਹਾਈ ਤੁਰੰਤ ਹੋਣੀ ਚਾਹੀਦੀ ਹੈ।

# ਪਾਕਿਸਤਾਨ ਵਿੱਚ ਮਸਜਿਦ ਦੀ ਛੱਤ ਉੱਤੇ ਵਿਆਹ ਪਾਰਟੀ, ਪੁਲਸ ਦਾ ਛਾਪਾ

ਸਿਆਲਕੋਟ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਸਰਕਾਰ ਵੱਲੋਂ ਲਾਈ ਪਾਬੰਦੀ ਦੀ ਉਲੰਘਣਾ ਦੇ ਨਵੇਂ ਨਮੂਨੇ ਸਾਹਮਣੇ ਆ ਰਹੇ ਹਨ।

ਪੰਜਾਬ ਸੂਬੇ ਦੇ ਸਿਆਲਕੋਟ ਵਿੱਚ ਇੱਕ ਅਜਿਹੀ ਹੀ ਘਟਨਾ ਵਿੱਚ ਪੁਲਸ ਨੇ ਇੱਕ ਵਿਆਹ ਸਮਾਰੋਹ ਵਿੱਚ ਛਾਪਾ ਮਾਰ ਕੇ ਲਾੜੇ ਅਤੇ ਕਈ ਹੋਰਨਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪਾਕਿਸਤਾਨੀ ਮੀਡੀਆ ਦੀ ਰਿਪੋਰਟ ਅਨੁਸਾਰ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਦੇ ਲਈ ਹਰ ਤਰ੍ਹਾਂ ਦੇ ਜਨਤਕ ਆਯੋਜਨਾਂ 'ਤੇ ਪੰਜਾਬ ਸਰਕਾਰ ਨੇ ਰੋਕ ਲਾਈ ਹੋਈ ਹੈ। ਲੋਕਾਂ ਨੂੰ ਇੱਕ ਜਗ੍ਹਾ ਇਕੱਠੇ ਹੋਣ ਤੋਂ ਰੋਕਣ ਲਈ ਬਣਾਏ ਇਸ ਨਿਯਮ ਦੀ ਕਾਟ ਅਜ਼ੀਮ ਨਵਾਜ਼ ਨਾਂਅ ਦੇ ਵਿਅਕਤੀ ਨੇ ਮਸਜਿਦ ਦੀ ਛੱਤ 'ਤੇ ਛਿਪ ਕੇ ਆਪਣੇ ਵਲੀਮੇ (ਵਿਆਹ ਵਿੱਚ ਲਾੜੇ ਵੱਲੋਂ ਦਿੱਤਾ ਜਾਣ ਵਾਲਾ ਭੋਜ) ਦੇ ਨਾਲ ਕਰਨੀ ਚਾਹੀ, ਪਰ ਛੱਤ ਇੰਨੀ ਉੱਚਾਈ 'ਤੇ ਨਹੀਂ ਸੀ ਕਿ ਉਥੇ ਵੱਡੀ ਗਿਣਤੀ ਵਿੱਚ ਮੌਜੂਦ ਲੋਕ ਹੋਰਨਾਂ ਲੋਕਾਂ ਦੀਆਂ ਨਜ਼ਰਾਂ ਤੋਂ ਬਚ ਸਕਣ। ਕਿਸੇ ਨੇ ਇਸ ਦੀ ਸੂਚਨਾ ਅਸਿਸਟੈਂਟ ਕਮਿਸ਼ਨਰ ਜਾਵੇਰੀਆ ਮਕਬੂਲ ਨੂੰ ਦਿੱਤੀ ਜੋ ਫੌਰਨ ਪੁਲਸ ਸਮੇਤ ਘਟਨਾ ਵਾਲੀ ਜਗ੍ਹਾ 'ਤੇ ਪਹੁੰਚ ਗਈ ਅਤੇ ਅਜ਼ੀਮ ਨਵਾਜ਼ ਅਤੇ ਪਾਰਟੀ ਵਿੱਚ ਆਏ ਕੁਝ ਹੋਰਨਾਂ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਸਿਆਲਕੋਟ ਕੈਂਟ ਦੀ ਪੁਲਸ ਨੇ ਨਵਾਜ਼, ਉਸ ਦੇ ਘਰਦਿਆਂ, ਕੁਝ ਮਹਿਮਾਨਾਂ ਅਤੇ ਮਸਜਿਦ ਪ੍ਰਬੰਧਕਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ।ਪੰਜਾਬ ਸੂਬੇ ਦੇ ਫੈਸਲਾਬਾਦ ਵਿੱਚ ਵੀ ਨਿਯਮਾਂ ਦਾ ਉਲੰਘਣਾ ਕਰ ਕੇ ਵਿਆਹ ਸਮਾਰੋਹ ਕਰਨ 'ਤੇ ਪੁਲਸ ਨੇ ਦੋ ਜਣਿਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਵਿੱਚ ਵੀ ਪੁਲਸ ਨੇ ਇੱਕ ਵਲੀਮਾ ਪਾਰਟੀ 'ਤੇ ਛਾਪਾ ਮਾ-ਰਿਆ ਜਿਸ ਵਿੱਚ 110 ਲੋਕ ਇਕੱਠੇ ਹੋਏ ਸਨ।

# ਲਾਹੌਰ ਹਾਈਕੋਰਟ 'ਚ 'ਭਗਤ ਸਿੰਘ ਜ਼ਿੰਦਾਬਾਦ' ਦੇ ਨਾਅਰੇ ਲੱਗੇ

ਲਾਹੌਰ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ 'ਚ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਪਾਕਿ ਸਰਕਾਰ ਵੱਲੋਂ ਲਾਈ ਧਾਰਾ 144 ਦੇ ਮੱਦੇਨਜ਼ਰ ਕੱਲ੍ਹ ਪਿਛਲੇ ਸਾਲਾਂ ਵਾਂਗ ਲਾਹੌਰ ਦੇ ਫੁਵਾਰਾ ਚੌਕ ਨਾਂਅ ਨਾਲ ਪ੍ਰਸਿੱਧ ਸ਼ਾਦਮਾਨ ਚੌਕ 'ਚ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦਾ ਸ਼ਹੀਦੀ ਦਿਹਾੜਾ ਨਹੀਂ ਮਨਾਇਆ ਗਿਆ।



ਫਿਰ ਵੀ ਕੱਲ੍ਹ ਲਾਹੌਰ ਹਾਈਕੋਰਟ ਦੀ ਬਾਰ ਐਸੋਸੀਏਸ਼ਨ ਦੇ ਡੈਮੋਕ੍ਰੇਟਿਕ ਲਾਅਨ ਵਿੱਚ ਸ਼ਹੀਦ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਾਸ਼ਿਦ ਕੁਰੈਸ਼ੀ ਦੀ ਪ੍ਰਧਾਨਗੀ ਵਿੱਚ ਸਾਦਗੀ ਢੰਗ ਨਾਲ ਮਨਾਏ ਸ਼ਹੀਦੀ ਦਿਹਾੜੇ ਮੌਕੇ 'ਜ਼ਿੰਦਾ ਹੈ, ਭਗਤ ਸਿੰਘ ਜ਼ਿੰਦਾ ਹੈ', 'ਭਗਤ ਸਿੰਘ ਨੂੰ ਸਾਡਾ ਸਲਾਮ', 'ਭਗਤ ਤੇਰੇ ਖ਼ੂਨ ਸੇ ਇਨਕਲਾਬ ਆਏਗਾ' ਆਦਿ ਨਾਅਰੇ ਲਾਏ ਗਏ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਦੇ ਸਕੂਲਾਂ 'ਚ ਪੜ੍ਹਾਈਆਂ ਜਾਣ ਵਾਲੀਆਂ ਪੁਸਤਕਾਂ 'ਚ ਸ਼ਹੀਦਾਂ ਦੇ ਨਾਵਾਂ 'ਚ ਭਾਵੇਂ ਸ਼ਹੀਦ ਭਗਤ ਸਿੰਘ ਦਾ ਨਾਂਅ ਸ਼ਾਮਲ ਨਹੀਂ, ਫਿਰ ਵੀ ਵੱਡੀ ਗਿਣਤੀ 'ਚ ਪਾਕਿਸਤਾਨ ਦੀ ਨੌਜਵਾਨ ਪੀੜ੍ਹੀ ਭਗਤ ਸਿੰਘ ਨੂੰ ਆਪਣਾ ਹੀਰੋ ਮੰਨਦੀ ਹੈ। ਇਸ ਮੌਕੇ ਪਾਕਿਸਤਾਨ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਜ਼ੁਬੇਰ ਅਹਿਮਦ ਫ਼ਾਰਕ, ਮੁਹੰਮਦ ਇਕਬਾਲ ਮੁਗ਼ਲ, ਸਈਦ ਸ਼ਮਸ਼ਾਦ ਹੁਸੈਨ ਕਾਦਰੀ, ਡਾ. ਸ਼ਾਹਿਦ ਨਸੀਰ, ਖ਼ਾਸ਼ਿਫ਼ ਮਹਿਮੂਦ ਅਤੇ ਮਨਸ਼ਾਹਉੱਲਾ ਬੁੱਟਰ ਆਦਿ ਵਕੀਲ ਹਾਜ਼ਰ ਸਨ।

# ਅਮਰੀਕਾ ਨੇ ਕੋਰੋਨਾ ਵਾਇਰਸ ਫਰਜ਼ੀਵਾੜੇ ਬਾਰੇ ਪਹਿਲੀ ਸਾਈਟ ਬੰਦ ਕੀਤੀ

ਵਾਸ਼ਿੰਗਟਨ, 24 ਮਾਰਚ (ਪੋਸਟ ਬਿਊਰੋ)- ਅਮਰੀਕੀ ਨਿਆਂ ਮੰਤਰਾਲੇ ਨੇ ਐਲਾਨ ਕੀਤਾ ਕਿ ਉਸ ਨੇ ਕੋਰੋਨਾ ਵਾਇਰਸ ਦਾ ਟੀਕਾ ਵੇਚਣ ਦਾ ਦਾਅਵਾ ਕਰਨ ਵਾਲੀ ਇੱਕ ਵੈੱਬਸਾਈਟ ਨੂੰ ਬੰਦ ਕਰ ਦਿੱਤਾ ਹੈ।

ਸੰਸਾਰਕ ਮਹਾਂਮਾਰੀ ਦੇ ਸੰਬੰਧ ਵਿੱਚ ਫਰਾਡ ਦੇ ਖਿਲਾਫ ਫੈਡਰਲ ਕਾਨੂੰਨ ਇਮੀਗਰੇਸ਼ਨ ਵਿਭਾਗ ਦੀ ਇਹ ਪਹਿਲੀ ਕਾਰਵਾਈ ਹੈ। ਨਿਆਂ ਮੰਤਰ-ਾਲੇ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਇਸ ਵੈੱਬਸਾਈਟ ਦੇ ਖਿਲਾਫ ਕੇਸ ਦਾਇਰ ਕੀਤੇ ਗਏ ਹਨ।ਇਹ ਵੈੱਬਸਾਈਟ ਕੋਰੋਨਾ ਵਾਇਰਸ ਨਾਲ ਹੋਣ ਵਾਲੀ ਬਿਮਾਰੀ ਦੇ ਲਈ ਟੀਕੇ ਵੇਚਣ ਦਾ ਦਾਅਵਾ ਕਰਦੀ ਸੀ। ਬਿਆਨ ਦੇ ਮੁਤਾਬਕ ਟੈਕਸਾਸ ਦੇ ਫੈਡਰਲ ਜੱਜ ਨੇ ਵੈੱਬਸਾਈਟ ਬੰਦ ਕਰਨ ਦਾ ਸ਼ਨੀਵਾਰ ਨੂੰ ਹੁਕਮ ਦਿੱਤੇ ਸਨ ਹਾਲਾਂਕਿ ਐਤਵਾਰ ਸ਼ਾਮ ਤੱਕ ਇਹ ਸਾਈਟ ਖੁੱਲ੍ਹ ਰਹੀ ਸੀ। ਸਾਈਟ ਦੇ ਹੋਮਪੇਜ਼ 'ਤੇ ਨਜ਼ਰ ਆ ਰਹੇ ਇੱਕ ਬਿਆਨ ਦੇ ਮੁਤਾਬਕ ਕੋਰੋਨਾ ਵਾਇਰਸ ਦੇ ਤਾਜ਼ਾ ਕਹਿਰ ਕਾਰਨ ਵਿਸ਼ਵ ਸਿਹਤ ਸੰਗਠਨ ਟੀਕੇ ਦੀ ਕਿੱਟ ਦੇ ਰਿਹਾ ਹੈ। ਸ਼ਿਪਿੰਗ ਲਈ ਸਿਰਫ 4.95 ਡਾਲਰ ਦਾ ਭੁਗਤਾਨ ਕਰੋ। ਇਸ ਬਿਆਨ ਦੇ ਬਾਅਦ ਸ਼ਿਪਿੰਗ ਟੈਕਸ ਭੁਗਤਾਨ ਦੇ ਲਈ ਬੈਂਕ ਖਾਤੇ ਦੀ ਜਾਣਕਾਰੀ ਭਰਨ ਦੀ ਜਗ੍ਹਾ ਛੱਡੀ ਗਈ ਸੀ। ਨਿਆਂ ਮੰਤਰਾਲੇ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਲੋਕ ਇਸ ਦਾ ਸ਼ਿਕਾਰ ਹੋਏ ਹਨ, ਪਰ ਫਰਜ਼ੀਵਾੜੇ ਦੇ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਅਤੇ ਠੱਗੀ ਦੀ ਰਕਮ ਦਾ ਪਤਾ ਕਰਨ ਲਈ ਜਾਂਚ ਜਾਰੀ ਹੈ।




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਸਮੇਤ ਦੂਸਰੇ ਦੇਸ਼ਾਂ ਤੋਂ ਗੈਰ ਕਾਨੂੰਨੀ ਢੰਗ ਅਤੇ ਬਿਨਾਂ ਦਸਤਾਵੇਜ਼ਾਂ ਵਾਲੇ ਇਮੀਗ੍ਰੇਟਾਂ ਨੂੰ ਕੋਰੋਨਾ ਵਾਇਰਸ ਦੀ ਜਾਂਚ ਤੋਂ ਮਹਿਰੂਮ ਨਹੀਂ ਕੀਤਾ ਜਾਏਗਾ। ਅਮਰੀਕਾ ਵਿੱਚ ਮੌਜੂਦਾ ਸਮੇਂ ਵਿੱਚ 1.1 ਕਰੋੜ ਅਜਿਹੇ ਇਮੀਗ੍ਰੇਟ ਹਨ ਜਿਨ੍ਹਾਂ ਕੋਲ ਦਸਤਾਵੇਜ਼ ਨਹੀਂ ਹਨ। ਇਨ੍ਹਾਂ ਵਿੱਚੋਂ ਹਜ਼ਾਰਾਂ ਅਜਿਹੇ ਲੋਕ ਹਨ, ਜੋ ਭਾਰਤ ਅਤੇ ਦੱਖਣੀ ਏਸ਼ੀਆ ਤੋਂ ਹਨ। ਟਰੰਪ ਨੇ ਵ੍ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ, ਅਸੀਂ ਗੈਰ ਕਾਨੂੰਨੀ ਢੰਗ ਨਾਲ ਆਏ ਲੋਕਾਂ ਦੀ ਜਾਂਚ ਕਰਾਂਗੇ ਕਿਉਂਕਿ ਇਹ ਬੇਹੱਦ ਜ਼ਰੂਰੀ ਹੈ ਅਤੇ ਅਸੀਂ ਉਸ ਵਿਅਕਤੀ ਨੂੰ ਇਥੋਂ ਨਹੀਂ ਭੇਜਾਂਗੇ, ਜਿੱਥੇ ਅਸੀਂ ਉਨ੍ਹਾਂ ਨੂੰ ਭੇਜਣ ਵਾਲੇ ਸਨ, ਚਾਹੇ ਕੋਈ ਦੇਸ਼ ਹੋਵੇ ਜਾਂ ਕੋਈ ਸਥਾਨ।

ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਕਿਹਾ ਕਿ ਗ੍ਰਹਿ ਸੁਰੱਖਿਆ ਮੰਤਰਾਲਾ ਇਸ ਮਾਮਲੇ 'ਤੇ ਨਿਗਰਾਨੀ ਰੱਖ ਰਿਹਾ ਹੈ। ਟਰੰਪ ਨੇ ਕਿਹਾ ਕਿ ਬਿਨਾਂ ਦਸਤਾਵੇਜ਼ ਵਾਲੇ ਮਜ਼ਦੂਰਾਂ ਦੀ ਵੀ ਜਾਂਚ ਹੋਵੇਗੀ।

# ਪਾਕਿ ਵਿੱਚ ਕੋਰੋਨਾ ਪੀੜਤਾਂ ਦੇ ਇਲਾਜ 'ਚ ਜੁਟੇ ਡਾਕਟਰ ਦੀ ਮੌਤ





ਇਸਲਾਮਾਬਾਦ, 24 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਗਿਲਗਿਟ ਖੇਤਰ (ਮਕਬੂਜ਼ਾ ਕਸ਼ਮੀਰ) ਵਿੱਚ ਕੋਰੋਨਾ ਨਾਲ ਪੀੜਤ ਮਰੀਜ਼ਾਂ ਦਾ ਇਲਾਜ ਕਰ ਰਹੀ ਇੱਕ 26 ਸਾਲਾ ਡਾਕਟਰ ਦੀ ਮੌਤ ਹੋ ਗਈ ਹੈ।

ਉਸਮਾ ਰਿਆਜ਼ ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰ ਰਹੀ ਸੀ ਜੋ ਇਰਾਕ ਤੇ ਇਰਾਨ ਤੋਂ ਪਰਤੇ ਹਨ। ਪਾਕਿਸਤਾਨ ਦੀ ਸਰਹੱਦ ਇਰਾਨ ਤੇ ਚੀਨ ਨਾਲ ਖ਼ਹਿੰਦੀ ਹੈ ਜੋ ਕੋਰੋਨਾ ਤੋਂ ਬੇਹੱਦ ਪ੍ਰਭਾਵਿਤ ਹਨ। ਇਸ ਦੇਸ਼ ਵਿੱਚ ਅੱਜ ਤੱਕ ਪੰਜ ਮੌਤਾਂ ਹੋ ਚੁੱਕੀਆਂ ਹਨ ਤੇ ਕਰੀਬ 800 ਜਣੇ ਪੀੜਤ ਹਨ। ਰਿਆਜ਼ ਉਨ੍ਹਾਂ ਦਸ ਡਾਕਟਰਾਂ ਦੀ ਟੀਮ ਵਿੱਚ ਸ਼ਾਨਲ ਸੀ, ਜਿਨ੍ਹਾਂ ਨੂੰ ਮਰੀਜ਼ਾਂ ਦੀ ਜਾਂਚ ਲਈ ਭੇਜਿਆ ਗਿਆ ਸੀ। ਇਹ ਉਹ ਮਰੀਜ਼ ਸਨ ਜੋ ਤਫ਼ਤਨ ਹੁੰਦੇ ਹੋਏ ਇਰਾਨ ਤੋਂ ਪਰਤੇ ਸਨ। ਰਿਆਜ਼ ਨੂੰ ਫ਼ੌਜੀ ਹਸਪਤਾਲ ਲਿਜਾਇਆ ਗਿਆ, ਉਸ ਨੂੰ ਵੈਂਟੀਲੇਟਰ 'ਤੇ ਲਾਇਆ ਗਿਆ ਸੀ ਪਰ ਫਿਰ ਵੀ ਬਚਾਇਆ ਨਹੀਂ ਜਾ ਸਕਿਆ।ਸਰਕਾਰ ਨੇ ਉਸਮਾ ਰਿਆਜ਼ ਨੂੰ 'ਨਾਇਕ' ਕਰਾਰ ਦਿੱਤਾ ਹੈ।

ਪਾਕਿਸਤਾਨ ਵਿੱਚ ਕੋਰੋਨਾਵਾਇਰਸ ਨਾਲ ਪੀੜਤਾਂ ਦੀ ਗਿਣਤੀ 799 ਹੋ ਗਈ ਹੈ ਜਦਕਿ ਪੰਜ ਮੌਤਾਂ ਹੋ ਚੁੱਕੀਆਂ ਹਨ। ਛੇ ਜਣੇ ਠੀਕ ਹੋਏ ਹਨ। ਪਾਕਿਸਤਾਨੀ ਫ਼ੌਜ ਨੇ ਜਾਨਲੇਵਾ ਇਨਫ਼ੈਕਸ਼ਨ ਨਾਲ ਲੜਨ ਲਈ ਆਪਣੇ ਸਰੋਤ ਲਾ ਦਿੱਤੇ ਹਨ। ਸਿੰਧ ਸੂਬੇ ਵਿੱਚ ਸਭ ਤੋਂ ਵੱਧ 352 ਕੇਸ ਹਨ, ਪੰਜਾਬ ਵਿੱਚ 225, ਬਲੋਚਿਸਤਾਨ ਵਿੱਚ 104, ਗਿਲਗਿਟ-ਬਾਲਟਿਸਤਾਨ ਵਿੱਚ 71, ਖ਼ੈਬਰ ਪਖ਼ਤੂਨਖ਼ਵਾ 'ਚ 31, ਇਸਲਾਮਾਬਾਦ 'ਚ 15 ਤੇ ਮਕਬੂਜ਼ਾ ਕਸ਼ਮੀਰ ਵਿੱਚ ਇੱਕ ਕੇਸ ਹੈ। ਚੀਫ਼ ਆਫ਼ ਆਰਮੀ ਸਟਾਫ਼ (ਸੀ ਓ ਏ ਐਸ) ਪੂਰੇ ਦੇਸਖ ਵਿੱਚ ਕੋਰੋਨਾ ਦੀ ਸਮੀਖ਼ਿਆ ਕਰ ਰਿਹਾ ਹੈ। ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ਼ ਅਲਵੀ ਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਲੋਕਾਂ ਨੂੰ ਅਨੁਸ਼ਾਸਿਤ ਤੇ ਇੱਕਜੁੱਟ ਹੋ ਕੇ ਇਸ ਅਲਾਮਤ ਨਾਲ ਲੜਨ ਦੀ ਅਪੀਲ ਕੀਤੀ ਹੈ।

### ਡਬਲਯੂ ਐੱਚ ਓ ਦੀ ਚਿਤਾਵਨੀ

# ਸਿਰਫ ਲਾਕ ਡਾਊਨ ਨਾਲ ਕੋਰੋਨਾ ਵਾਇਰਸ ਖਤਮ ਨਹੀਂ ਹੋਵੇਗਾ



ਜੈਨੇਵਾ, 24 ਮਾਰਚ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਵਾਇਰਸ ਦੀ ਚੁਣੌਤੀ ਨਾਲ ਨਜਿੱਠਣ ਲਈ ਸਿਰਫ ਲਾਕ ਡਾਊਨ ਹੀ ਕਾਫੀ ਨਹੀਂ।

ਸੰਗਠਨ ਦੇ ਚੋਟੀ ਦੇ ਹੰਗਾਮੀ ਹਾਲਾਤ ਬਾਰੇ ਮਾਹਿਰ ਮਾਈਕ ਸਿਆਨ ਨੇ ਕਿਹਾ ਕਿ ਵਾਇਰਸ ਮੁੜ ਤੋਂ ਆਪਣਾ ਸਿਰ ਨਾ ਚੁੱਕੇ, ਇਸ ਲਈ ਜਨਤਕ ਸਿਹਤ ਸਹੂਲਤਾਂ ਨੂੰ ਯਕੀਨੀ ਕਰਨਾ ਪਏਗਾ। ਉਨ੍ਹਾਂ ਇੱਕ ਇੰਟਰਵਿਊ ਵਿੱਚ ਕਿਹਾ ਕਿ ਸਾਨੂੰ ਇਸ ਵਾਇਰਸ ਤੋਂ ਪੀੜਤ ਲੋਕਾਂ ਦੀ ਭਾਲ 'ਤੇ ਸਭ ਤੋਂ ਵੱਧ ਧਿਆਨ ਦੇਣਾ ਹੋਵੇਗਾ। ਉਨ੍ਹਾਂ ਨੂੰ ਬਾਕੀ ਲੋਕਾਂ ਤੋਂ ਵੱਖਰਾ ਕਰਨਾ ਹੋਵੇਗਾ। ਕਿਸੇ ਨੂ ਵੀ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਬਿਲਕੁਲ ਨਹੀਂ ਆਉਣਾ ਚਾਹੀਦਾ। ਉਨ੍ਹਾਂ ਕਿਹਾ ਕਿ ਲਾਕ ਡਾਊਨ ਦੇ ਕਈ ਖਤਰੇ ਵੀ ਹਨ। ਜੇ ਅਸੀਂ ਜਨਤਕ ਸਿਹਤ ਸਹੂਲਤਾਂ ਨਾ ਦੇ ਸਕੇ ਤਾਂ ਲਾਕ ਡਾਊਨ ਦੇ ਖਤਮ ਹੋਣ ਪਿੱਛੋਂ ਜਦੋਂ ਪਾਬੰਦੀਆਂ ਹਟ ਜਾਣਗੀਆਂ ਤਾਂ ਬਿਮਾਰੀ ਮੁੜ ਤੋਂ ਸਿਰ ਚੁੱਕ ਸਕਦੀ ਹੈ।

# ਅਮਰੀਕਾ ਮਦਦ ਕਰਨਾ ਚਾਹੁੰਦਾ ਹੈ ਤਾਂ ਪਾਬੰਦੀ ਹਟਾਏ: ਈਰਾਨ

ਦੁਬਾਈ, 24 ਮਾਰਚ (ਪੋਸਟ ਬਿਊਰੋ)- ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਕਿਹਾ ਹੈ ਕਿ ਜੇ ਅਮਰੀਕਾ ਕੋਰੋਨਾ ਦੀ ਮਹਾਮਾਰੀ ਨਾਲ ਲੜਨ 'ਚ ਮਦਦ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਪਾਬੰਦੀ ਹਟਾ ਲੈਣੀ ਚਾਹੀਦੀ ਹੈ।

ਰੂਹਾਨੀ ਨੇ ਕੱਲ੍ਹ ਫਿਰ ਸਪੱਸ਼ਟ ਕੀਤਾ ਕਿ ਮਨੁੱਖੀ ਸਹਾਇਤਾ ਵਜੋਂ ਅਮਰੀਕੀ ਮਦਦ ਦੀ ਤਜਵੀਜ਼ ਨੂੰ ਸਵੀਕਾਰ ਕਰਨ ਦਾ ਕੋਈ ਉਨ੍ਹਾਂ ਦਾ ਇਰਾਦਾ ਨਹੀਂ। ਈਰਾਨ ਕੋਰੋਨਾ ਮਹਾਂਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ 'ਚ ਹੈ। ਅੱਜ ਤੱਕ ਉਥੇ 1,812 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਿਛਲੇ 24 ਘੰਟਿਆਂ ਦੌਰਾਨ 127 ਲੋਕਾਂ ਦੀ ਮੌਤ ਹੋਈ ਤੇ ਇਨਫੈਕਸ਼ਨ ਦੇ 1,411 ਨਵੇਂ ਮਾਮਲੇ ਸਾਹਮਣੇ ਆਏ। ਰੂਹਾਨੀ ਨੇ ਆਪਣੇ ਟੀ ਵੀ ਸੰਬੋਧਨ 'ਚ ਕਿਹਾ, 'ਅਮਰੀਕੀ ਨੇਤਾ ਝੂਠ ਬੋਲ ਰਹੇ ਹਨ। ਜੇ ਉਹ ਈਰਾਨ ਦੀ ਮਦਦ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪਾਬੰਦੀਆਂ ਹਟਾ ਲੈਣੀਆਂ ਚਾਹੀਦੀਆਂ ਹਨ। ਇਸ ਤੋਂ ਬਾਅਦ ਅਸੀਂ ਕੋਰੋਨਾ ਵਾਇਰਸ ਦੇ ਕਹਿਰ ਨਾਲ ਨਿਪਟ ਸਕਦੇ ਹਾਂ।' ਰੂਹਾਨੀ ਨੇ ਅਸਿੱਧੇ ਤੌਰ 'ਤੇ ਅਮਰੀਕਾ 'ਤੇ ਨਿਸ਼ਾਨਾ ਬੰਨ੍ਹਦੇ ਹੋਏ ਕਿਹਾ ਕਿ ਤੁਸੀਂ ਈਰਾਨ ਦੇ ਤੇਲ ਦੀ ਬਰਾਮਦ ਨੂੰ ਰੋਕਿਆ ਤੇ ਤੁਸੀਂ ਹੀ ਈਰਾਨ ਦੇ ਬੈਂਕਿੰਗ ਲੈਣ-ਦੇਣ 'ਤੇ ਪਾਬੰਦੀ ਲਾਈ। ਤੁਹਾਡੀ ਮਦਦ ਦੀ ਤਜਵੀਜ਼ ਇਤਿਹਾਸ ਦਾ ਸਭ ਤੋਂ ਵੱਡਾ ਝੂਠ ਹੈ। ਰੂਹਾਨੀ ਨੇ ਅਮਰੀਕੀਆਂ ਨੂੰ ਈਰਾਨ ਤੋਂ ਪਾਬੰਦੀਆਂ ਹਟਾਉਣ ਲਈ ਟਰੰਪ ਪ੍ਰਸ਼ਾਸਨ 'ਤੇ ਦਬਾਅ ਪਾਉਣ ਦੀ ਵੀ ਅਪੀਲ ਕੀਤੀ। ਵਰਨਣ ਯੋਗ ਹੈ ਕਿ ਅਮਰੀਕਾ ਨੇ ਈਰਾਨ ਨੂੰ ਮਨੁੱਖੀ ਸਹਾਇਤਾ ਦੀ ਪੇਸ਼ਕਸ਼ ਕੀਤੀ ਸੀ, ਪਰ ਈਰਾਨ ਨੇ ਪ੍ਰਮੁੱਖ ਨੇਤਾ ਆਇਤੁੱਲਾ ਅਲੀ ਖ਼ੁਮੈਨੀ ਨੇ ਕੱਲ੍ਹ ਨੂੰ ਇਹ ਤਜਵੀਜ਼ ਰੱਦ ਕਰ ਦਿੱਤੀ ਸੀ। ਈਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਵਾਦ ਜ਼ਰੀਫ ਨੇ ਟਵੀਟ ਕੀਤਾ, ਅਮਰੀਕਾ ਕੋਵਿਡ-19 ਦੇ ਖ਼ਿਲਾਫ਼ ਵਿਸ਼ਵ ਲੜਾਈ ਨੂੰ ਰੋਕ ਰਿਹਾ ਹੈ।

# ਮੱਧ ਪ੍ਰਦੇਸ਼ ਤੋਂ ਅਮਰੀਕਾ ਕਲੋਰੋਕਵੀਨ ਖ਼ਰੀਦ ਰਿਹੈ



ਇੰਦੌਰ, 24 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਫੂਡ ਐਂਡ ਡਰਗ ਐਡਮਿਨੀਸਟ੍ਰੇਸ਼ਨ ਨੇ ਮਲੇਰੀਏ ਦੇ ਇਲਾਜ ਵਿੱਚ ਕੰਮ ਆਉਣ ਵਾਲੀ ਦਵਾਈ ਕਲੋਰੋਕਵੀਨ ਦੀ ਮੱਧ ਪ੍ਰਦੇਸ਼ ਤੋਂ ਇੰਪੋਰਟ ਸ਼ੁਰੂ ਕਰ ਦਿੱਤੀ ਹੈ।

ਮੱਧ ਪ੍ਰਦੇਸ਼ ਵਿੱਚ ਤਿੰਨ ਯੂਨਿਟਾਂ ਨਾਲੇ ਇਸ ਦਵਾਈ ਦਾ ਵੱਡੇ ਪੈਮਾਨੇ 'ਤੇ ਪੈਦਾਵਾਰ ਕਰਨ ਵਾਲੀ ਕੰਪਨੀ ਇਪਕਾ ਲੈਬਾਰਟਰੀ ਨੂੰ ਅਮਰੀਕਾ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਯੂ ਐਸ ਐਫ ਡੀ ਏ) ਨੇ ਦਵਾਈ ਮੰਗਵਾਉਣ ਦਾ ਆਰਡਰ ਦਿੱਤਾ ਹੈ। ਇਸ ਕੰਪਨੀ ਨੇ ਬਰਾਮਦ 'ਤੇ ਸਹਿਮਤੀ ਦਿੰਦੇ ਹੋਏ ਬੀ ਐਸ ਈ ਅਤੇ ਐਨ ਐਸ ਈ ਨੂੰ ਇਸ ਦੀ ਸੂਚਨਾ ਭੇਜ ਦਿੱਤੀ ਹੈ। ਇਸ ਰਾਜ ਵਿੱਚ ਬਣ ਰਹੀ ਇਹ ਦਵਾਈ ਸਥਾਨਕ ਬਾਜ਼ਾਰਾਂ ਤੋਂ ਗ਼ਾਇਬ ਹੋ ਚੁੱਕੀ ਹੈ। ਦੇਸ਼ ਦੀਆਂ ਜ਼ਰੂਰਤਾਂ ਨੂੰ ਛਿੱਕੇ ਟੰਗ ਕੇ ਦਵਾਈ ਦੀ ਐਕਸਪੋਰਟ ਦਾ ਸਥਾਨਕ ਪੱਧਰ 'ਤੇ ਵਿਰੋਧ ਵੀ ਸ਼ੁਰੂ ਹੋ ਗਿਆ ਹੈ।

ਇਪਕਾ ਲੈਬਾਰਟਰੀ ਨੇ ਬੀ ਐਸ ਈ ਅਤੇ ਨੈਸ਼ਨਲ ਸਟਾਕ ਐਕਸਚੇਂਜ (ਐਨ ਐਸ ਈ) ਨੂੰ 21 ਮਾਰਚ ਨੂੰ ਸੂਚਨਾ ਭੇਜੀ ਹੈ ਕਿ 20 ਮਾਰਚ ਨੂੰ ਯੂ ਐਸ ਐਫ ਡੀ ਏ ਵੱਲੋਂ ਉਨ੍ਹਾਂ ਨੂੰ ਈਮੇਲ ਮਿਲੀ ਹੈ। ਕੰਪਨੀ ਨੇ ਆਪਣੇ ਇਸ ਪੱਤਰ ਵਿੱਚ ਲਿਖਿਆ ਹੈ ਕਿ 'ਕਲੋਰੋਕਵੀਨ ਫਾਸਫੇਟ' ਅਤੇ 'ਹਾਈਡਾਕਸੀਕਲੋਰੋਕਵੀਨ ਸਲਫੇਟ' ਨੂੰ ਕੋਰੋਨਾ ਦੇ ਇਲਾਜ ਵਿੱਚ ਠੀਕ ਪਾਇਆ ਗਿਆ ਹੈ। ਅਮਰੀਕਾ ਵਿੱਚ ਇਸ ਦਵਾਈ ਦੇ ਕੱਚੇ ਮਾਲ ਅਤੇ ਤਿਆਰ ਦਵਾਈ ਦੀ ਕਮੀ ਤੋਂ ਬਾਅਦ ਯੂ ਐਸ ਐਫ ਡੀ ਏ ਨੇ ਇਸ ਦੀ ਮੰਗ ਕੀਤੀ ਹੈ।

## ਪਤੀ ਦੇ ਵਰਕ ਫਰਾਮ ਹੋਮ ਤੋਂ ਤੰਗ ਆਈ ਪਤਨੀ, ਪ੍ਰਧਾਨ ਮੰਤਰੀ ਮੋਦੀ ਨੂੰ ਦਿਲਚਸਪ ਅਪੀਲ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੇ ਦੇਸ਼ ਦੀ ਅਰਥ ਵਿਵਸਥਾ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ। ਵੱਡੇ-ਵੱਡੇ ਕਾਰੋਬਾਰੀ ਮੱਥੇ 'ਤੇ ਹੱਥ ਮਾਰ ਰਹੇ ਹਨ। ਇਸ ਦੌਰਾਨ ਘਰ ਬੈਠੀ ਔਰਤ ਨੇ ਵੀ ਸਿਰ 'ਤੇ ਹੱਥ ਰੱਖ ਕੇ ਆਪਣੀ ਸਮੱਸਿਆ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਹੈ।


ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਦੇ ਵਧਦੇ ਸੰਕਟ ਨੂੰ ਦੇਖਦੇ ਹੋਏ ਲੋਕਾਂ ਨੂੰ ਘਰ ਬੈਠ ਕੇ ਆਫਿਸ ਦਾ ਕੰਮ ਕਰਨ ਨੂੰ ਕਿਹਾ ਗਿਆ ਹੈ। ਘਰ ਵਿੱਚ ਕੈਦ ਹੋਣ ਦੇ ਬਾਵਜੂਦ ਲੋਕ ਸੋਸ਼ਲ ਮੀਡੀਆ ਰਾਹੀਂ ਕੁਝ ਨਾ ਕੁਝ ਦਿਲਚਸਪ ਕਰਦੇ ਨਜ਼ਰ ਆਉਂਦੇ ਹਨ। ਇਸ ਵਕਤ ਟਿਕਟਾਕ 'ਤੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਵਿੱਚ ਇੱਕ ਔਰਤ ਪ੍ਰਧਾਨ




ਮੰਤਰੀ ਨੂੰ ਸ਼ਹਿਰ ਵਾਂਗ ਕਿਚਨ ਨੂੰ ਵੀ ਲਾਕ ਡਾਊਨ ਕਰਨ ਦੀ ਅਪੀਲ ਕਰ ਰਹੀ ਹੈ। ਇਸ ਵੀਡੀਓ ਵਿੱਚ ਔਰਤ ਆਪਣੇ ਪਤੀ ਵੱਲ ਦਿਖਾਉਂਦੇ ਹੋਏ ਕਹਿ ਰਹੀ ਹੈ, ''ਜਿਵੇਂ ਤੁਸੀਂ ਪੂਰੇ ਹਿੰਦੁਸਤਾਨ ਨੂੰ ਲਾਕ ਡਾਊਨ ਕਰ ਦਿੱਤਾ ਹੈ, ਉਂਝ ਹੀ ਔਰਤਾਂ ਦੀ ਰਸੋਈ ਨੂੰ ਵੀ ਲਾਕ ਡਾਊਨ ਕਰਾ ਦਿਓ, ਨਹੀਂ ਤਾਂ ਹਰ ਅੱਧੇ ਘੰਟੇ ਪਿੱਛੋਂ ਚਾਹ, ਚਿਪਸ, ਪਕੌੜੇ, ਰੋਟੀ, ਚੌਲ ਆਦਿ ਚੀਜ਼ਾਂ ਦੀ ਡਿਮਾਂਡ ਹੋ ਰਹੀ ਹੈ।''

# ਅਣਜੰਮੇ ਬੱਚਿਆਂ ਵਿੱਚ ਗਰਭਵਤੀ ਔਰਤਾਂ ਤੋਂ ਕੋਰੋਨਾ ਵਾਇਰਸ ਨਹੀਂ ਫੈਲਦਾ

ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਪੀੜਤ ਗਰਭਵਤੀ ਔਰਤਾਂ ਦੇ ਭਰੂਣ 'ਚ ਕਿਸੇ ਤਰ੍ਹਾਂ ਦੀ ਇਨਫੈਕਸ਼ਨ ਫੈਲਣ ਦਾ ਕੋਈ ਖਤਰਾ ਨਹੀਂ ਹੈ। ਇਹ ਦਾਅਵਾ ਪਿੱਛੇ ਜਿਹੇ ਇੱਕ ਚੀਨੀ ਅਧਿਐਨ 'ਚ ਕੀਤਾ ਗਿਆ ਹੈ। ਇਹ ਅਧਿਐਨ ਫਰੰਟੀਅਰਸ ਇਨ ਪੇਡੀਆਟ੍ਰਿਕਸ 'ਚ ਪ੍ਰਕਾਸ਼ਤ ਕੀਤਾ ਗਿਆ ਸੀ।



ਇਹ ਅਧਿਐਨ ਹੁਜਹੋਂਗ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ ਵੂਹਾਨ ਦੇ ਖੋਜੀਆਂ ਨੇ ਕੀਤਾ ਹੈ। ਇਹ ਇਸ ਗੱਲ ਦੀ ਪੁਸ਼ਟੀ ਕਰਨ ਲਈ ਇੱਕ ਮਹੀਨੇ 'ਚ ਦੂਜੀ ਖੋਜ ਹੈ ਕਿ ਇਹ ਵਾਇਰਸ ਗਰਭਵਤੀ ਔਰਤਾਂ ਤੋਂ ਬੱਚਿਆਂ ਵਿੱਚ ਨਹੀਂ ਪਹੁੰਚਦਾ। ਕੋਰੋਨਾ ਵਾਇਰਸ ਮਹਾਮਾਰੀ ਦਾ ਕੇਂਦਰ ਚੀਨ ਦੇ ਹੁਬੇਈ ਸੂਬੇ 'ਚ ਵੂਹਾਨ ਨੂੰ ਮੰਨਿਆ ਜਾਂਦਾ ਹੈ। ਇਸ ਨੇ ਦੁਨੀਆ ਭਰ ਵਿੱਚ ਤਿੰਨ ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ 14000 ਤੋਂ ਵੱਧ ਦੀ ਜਾਨ ਲੈ ਲਈ ਹੈ। ਅਧਿਐਨ ਦਾ ਵਿਸ਼ਾ ਚਾਰ ਕੋਰੋਨਾ ਵਾਇਰਸ ਮਰੀਜ਼ ਸਨ, ਜਿਨ੍ਹਾਂ ਨੇ ਵੂਹਾਨ ਦੇ ਯੂਨੀਅਨ ਹਸਪਤਾਲ 'ਚ ਬੱਚਿਆਂ ਨੂੰ ਜਨਮ ਦਿੱਤਾ, ਜੋ ਯੂਨੀਵਰਸਿਟੀ ਦੇ ਅੰਦਰ ਆਉਂਦਾ ਹੈ। ਸਾਰੇ ਬੱਚਿਆਂ ਨੂੰ ਸ਼ੁਰੂ ਵਿੱਚ ਨਿਓਨੇਟਲ ਯੂਨਿਟ 'ਚ ਰੱਖਿਆ ਗਿਆ। ਕਿਸੇ ਵੀ ਬੱਚੇ ਨੇ ਕੋਰੋਨਾ ਵਾਇਰਸ ਨਾਲ ਜੁੜੇ ਕੋਈ ਗੰਭੀਰ ਲੱਛਣ ਜਿਵੇਂ ਕਿ ਬੁਖਾਰ ਜਾਂ ਖਾਂਸੀ ਨਹੀਂ ਆਏ। ਚਾਰ 'ਚੋਂ ਤਿੰਨ ਦੇ ਗਲੇ ਵਿੱਚ ਖਰਾਸ਼ ਤੋਂ ਬਾਅਦ ਇਨਫੈਕਸ਼ਨ ਲਈ ਟੈਸਟ ਲਏ ਜਦੋਂ ਕਿ ਚੌਥੇ ਬੱਚੇ ਦੀ ਮਾਂ ਨੇ ਟੈਸਟ ਲਈ ਇਜਾਜ਼ਤ ਨਹੀਂ ਦਿੱਤੀ। ਰਿਪੋਰਟ ਮੁਤਾਬਕ ਇੱਕ ਬੱਚੇ ਨੂੰ ਤਿੰਨ ਦਿਨਾਂ ਤੱਕ ਸਾਹ ਲੈਣ ਦੀ ਮਾਮੂਲੀ ਸਮੱਸਿਆ ਸੀ, ਜਦੋਂ ਕਿ ਦੋ ਹੋਰ ਦੇ ਧੱਬੇ ਨਜ਼ਰ ਆਏ, ਜੋ ਆਪਣੇ-ਆਪ ਗਾਇਬ ਹੋ ਗਏ।

ਖੋਜਕਾਰ ਯੇਲੇਨ ਲਿਓ ਨੇ ਅਧਿਐਨ ਦੇ ਨਾਲ ਬਿਆਨ ਵਿੱਚ ਕਿਹਾ ਕਿ ਸਾਨੂੰ ਯਕੀਨ ਨਹੀਂ ਹੈ ਕਿ ਇਹ ਧੱਬੇ ਮਾਂ ਦੇ ਕੋਰੋਨਾ ਇਨਫੈਕਸ਼ਨ ਦੇ ਕਾਰਨ ਸਨ। ਟੀਮ ਮੁਤਾਬਕ ਸਾਰੇ ਚਾਰ ਬੱਚੇ ਤੰਦਰੁਸਤ ਹਨ ਅਤੇ ਉਨ੍ਹਾਂ ਦੀਆਂ ਮਾਵਾਂ ਵੀ ਪੂਰੀ ਤਰ੍ਹਾਂ ਤੰਦਰੁਸਤ ਹਨ। ਚੀਨ 'ਚ ਡਾਕਟਰ ਚੌਕਸ ਰਹੇ ਹਨ ਅਤੇ ਜਿਨ੍ਹਾਂ ਲੋਕਾਂ ਨੂੰ ਜਨਮ ਦੇਣ ਤੋਂ ਕੁਝ ਸਮਾਂ ਪਹਿਲਾਂ ਵਾਇਰਸ ਦਾ ਪਤਾ ਲੱਗਾ ਸੀ, ਉਹ ਦੋ ਹਫਤੇ ਲਈ ਆਪਣੇ ਨਵਜੰਮੇ ਬੱਚਿਆਂ ਤੋਂ ਅਲੱਗ ਹੋ ਗਏ ਹਨ। ਇਨ੍ਹਾਂ ਬੱਚਿਆਂ ਨੂੰ ਤਿਆਰ ਕੀਤੇ ਫਾਰਮੂਲੇ 'ਤੇ ਆਧਾਰਤ ਦਵਾਈ ਖੁਆਈ ਗਈ ਤੇ ਉਹ ਤੰਦਰੁਸਤ ਹਨ। ਯੂ ਐੱਸ ਸੈਂਟਰਸ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਇਸੇ ਤਰ੍ਹਾਂ ਦੇ ਉਪਾਅ ਦੀ ਸਲਾਹ ਦੇ ਰਿਹਾ ਹੈ, ਪਰ ਬ੍ਰਿਟੇਨ ਦਾ ਆਰ ਸੀ ਓ ਜੀ ਨਹੀਂ।


## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


## ਰੇਲਾਂ ਰੱਦ ਹੋਣ ਕਾਰਨ ਕੋਲਕਾਤਾ ਬੱਸ ਡਿਪੂ 'ਤੇ ਵੱਡੀ ਭੀੜ

ਕੋਲਕਾਤਾ, 24 ਮਾਰਚ (ਪੋਸਟ ਬਿਊਰੋ)- ਰੇਲਵੇ ਵੱਲੋਂ 31 ਮਾਰਚ ਤੱਕ ਯਾਤਰੀ ਸੇਵਾਵਾਂ ਬੰਦ ਕਰਨ ਦੇ ਐਲਾਨ ਕਾਰਨ ਲੋਕ ਘਰ ਪਰਤਣ ਲਈ ਬੱਸਾਂ 'ਤੇ ਨਿਰਭਰ ਕਰ ਰਹੇ ਹਨ। ਇਸ ਕਾਰਨ ਸ਼ਹਿਰ ਦੇ ਬੱਸ ਡਿਪੂ ਵਿਚ ਵੱਡੀ ਭੀੜ ਨਜ਼ਰ ਆਈ।




ਕੋਵਿਡ-19 ਦੇ ਮੱਦੇਨਜ਼ਰ ਪੱਛਮੀ ਬੰਗਾਲ ਵਿਚ ਸੋਮਵਾਰ ਸ਼ਾਮ ਪੰਜ ਵਜੇ ਲਾਗੂ ਹੋਣ ਜਾ ਰਹੇ ਕੁਝ ਇਲਾਕਿਆਂ ਵਿਚ ਬੰਦ ਕਾਰਨ ਲੋਕ ਇਹ ਸਮਾਂ-ਸੀਮਾ ਪਾਰ ਹੋਣ ਤੋਂ ਪਹਿਲਾਂ ਬੱਸਾਂ ਜ਼ਰੀਏ ਘਰ ਰਵਾਨਾ ਹੋਣਾ ਚਾਹੁੰਦੇ ਹਨ। ਸੈਂਕੜੇ ਯਾਤਰੀ, ਖ਼ਾਸ ਤੌਰ 'ਤੇ ਨਿਰਮਾਣ ਕਾਰਜਾਂ ਵਿਚ ਲੱਗੇ ਲੋਕ ਤੇ ਮਜ਼ਦੂਰ ਇਕ-ਦੂਜੇ ਨੂੰ ਧੱਕਦੇ ਹੋਏ ਸੀਮਤ ਗਿਣਤੀ ਵਿਚ ਬਚੀਆਂ ਨਿੱਜੀ ਤੇ ਪ੍ਰਾਈਵੇਟ ਬੱਸਾਂ ਵਿਚ ਥਾਂ ਬਣਾਉਂਦੇ ਨਜ਼ਰ ਆਏ। ਰਾਜ ਟਰਾਂਸਪੋਰਟ ਸਕੱਤਰ ਐੱਨ.ਐੱਸ. ਨਿਗਮ ਨੇ ਦੱਸਿਆ ਕਿ ਆਪਣੇ ਘਰਾਂ ਨੂੰ ਵਾਪਸ ਜਾਣ ਵਾਲੇ ਲੋਕਾਂ ਲਈ ਵੱਖ-ਵੱਖ ਜ਼ਿਲ੍ਹਿਆਂ ਵਿਚ ਜਾਣ ਵਾਲੀਆਂ ਬੱਸਾਂ ਦੀ ਵਿਵਸਥਾ ਕੀਤੀ ਗਈ ਸੀ। ਨਿਗਮ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਲੋਕ ਘਰ ਪਹੁੰਚਣ। ਉਨ੍ਹਾਂ ਦੱਸਿਆ ਕਿ ਬੰਦ ਦੌਰਾਨ ਵੀ ਕੁਝ ਜ਼ਰੂਰੀ ਸੇਵਾਵਾਂ ਲਈ ਸੀਮਤ ਗਿਣਤੀ ਵਿਚ ਬੱਸਾਂ ਚੱਲਣਗੀਆਂ। ਉਨ੍ਹਾਂ ਕਿਹਾ ਕਿ ਯਾਤਰੀਆਂ ਨੂੰ ਆਪਣੀ ਯਾਤਰਾ ਦੀ ਜ਼ਰੂਰਤਾਂ ਦਾ ਕਾਰਨ ਦੱਸਣਾ ਹੋਵੇਗਾ।

# ਗਰੀਬ ਮੁਲਕਾਂ ਦੀ ਮਦਦ ਲਈ ਸੰਯੁਕਤ ਰਾਸ਼ਟਰ ਫੰਡ ਦਾ ਉਪਰਾਲਾ

ਓਸਲੋ, 24 ਮਾਰਚ (ਪੋਸਟ ਬਿਊਰੋ)- ਨਾਰਵੇ ਨੇ ਅੱਜ ਕਿਹਾ ਹੈ ਕਿ ਕਰੋਨਾਵਾਇਰਸ ਮਹਾਮਾਰੀ ਨਾਲ ਨਜਿੱਠਣ 'ਚ ਗਰੀਬ ਮੁਲਕਾਂ ਦੀ ਮਦਦ ਕਰਨ ਲਈ ਉਹ ਸੰਯੁਕਤ ਰਾਸ਼ਟਰ ਫੰਡ ਸ਼ੁਰੂ ਕਰਨ ਦਾ ਚਾਹਵਾਨ ਹੈ। ਨਾਰਵੇ ਦੇ ਮੰਤਰੀ ਡੈਗ ਉਲਸਟੀਨ ਨੇ ਕਿਹਾ ਕਿ ਵਾਇਰਸ ਜਿਸ ਪੱਧਰ 'ਤੇ ਵਿਕਾਸਸ਼ੀਲ ਮੁਲਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਇਸ ਗੱਲ ਤੋਂ ਅਸੀਂ ਚਿੰਤਤ ਹਾਂ। ਉਨ੍ਹਾਂ ਕਿਹਾ ਕਿ ਕਈ ਮੁਲਕਾਂ ਦਾ ਸਿਹਤ



ਢਾਂਚਾ ਬੇਹੱਦ ਕਮਜ਼ੋਰ ਹੈ। ਸਰਹੱਦਾਂ ਦੇ ਆਰ-ਪਾਰ ਇਕਜੁੱਟ ਹੋਣ ਦੀ ਅਹਿਮੀਅਤ ਹੁਣ ਹੋਰ ਵੀ ਵੱਧ ਗਈ ਹੈ। ਉਨ੍ਹਾਂ ਕਿਹਾ ਕਿ ਇਹ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਨਾਰਵੇ ਦੇ ਇਸ ਕਦਮ ਦਾ ਸੰਯੁਕਤ ਰਾਸ਼ਟਰ ਦੀ ਡਿਪਟੀ ਸਕੱਤਰ ਜਨਰਲ ਅਮੀਨਾ ਮੁਹੰਮਦ ਨੇ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼ ਨੇ ਚਿਤਾਵਨੀ ਜਾਰੀ ਕੀਤੀ ਸੀ ਕਿ ਜੇ ਕੌਮਾਂਤਰੀ ਭਾਈਚਾਰਾ ਇਸ ਵਿਸ਼ਵ ਵਿਆਪੀ ਸੰਕਟ ਨਾਲ ਨਜਿੱਠਣ ਲਈ ਇਕਜੁੱਟ ਨਾ ਹੋਇਆ ਤਾਂ 'ਲੱਖਾਂ ਜਾਨਾਂ ਜਾਣਗੀਆਂ। ਖ਼ਾਸ ਕਰ ਕੇ ਗਰੀਬ ਮੁਲਕਾਂ ਨੂੰ ਇਸ ਦੌਰਾਨ ਵਧੇਰੇ ਸਹਿਯੋਗ ਦੀ ਲੋੜ ਪਵੇਗੀ।


## ਹੈਲਪਰ ਦੀ ਲੋੜ ਹੈ



Construction Company
FULL TIME WORK
416-618-3358 | 905-789-7783


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)






## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com


Check our Free E-paper at:
www.canadianpunjabipost.ca



ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

**UPPAL LAW**

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

AVTAR UPPAL
Manager

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

FREE Consultation
* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਭਾਰਤੀ ਕ੍ਰਿਕਟ ਬੋਰਡ ਮਹਿਲਾ ਖਿਡਾਰੀਆਂ ਨੂੰ ਬਰਾਬਰ ਭੁਗਤਾਨ ਦੇ ਪੱਖ ਵਿੱਚ



ਨਵੀਂ ਦਿੱਲੀ, 24 ਮਾਰਚ (ਪੋਸਟ ਬਿਊਰੋ)- ਬਹੁਤੇ ਭਾਰਤੀਆਂ ਦਾ ਮੰਨਣਾ ਹੈ ਕਿ ਮਹਿਲਾ ਖਿਡਾਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਭੁਗਤਾਨ ਮਿਲਣਾ ਚਾਹੀਦਾ ਹੈ, ਪਰ 38 ਫੀਸਦੀ ਦਾ ਕਹਿਣਾ ਹੈ ਕਿ ਜਿਨ੍ਹਾਂ ਖੇਡਾਂ ਵਿੱਚ ਮਹਿਲਾਵਾਂ ਸ਼ਾਮਲ ਹਨ, ਉਥੇ ਪੁਰਸ਼ਾਂ ਵਾਲੀਆਂ ਖੇਡਾਂ ਦੀ ਤੁਲਨਾ ਵਿੱਚ ਵੱਧ ਮਨੋਰੰਜਨ ਨਹੀਂ ਹੁੰਦਾ।

ਬੀ ਬੀ ਸੀ ਦੇ ਸਰਵੇ ਵਿੱਚ 14 ਭਾਰਤੀ ਰਾਜਾਂ ਦੇ 10,181 ਲੋਕਾਂ ਦੇ ਜਵਾਬ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਤਿੰਨ ਚੌਥਾਈ ਲੋਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਖੇਡ ਮਹੱਤਵ ਪੂਰਨ ਹੈ, ਪਰ ਸਿਰਫ 36 ਫੀਸਦੀ ਹੀ ਕਿਸੇ ਤਰ੍ਹਾਂ ਦੀ ਖੇਡ ਜਾਂ ਸਰੀਰਕ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ। ਇਸ ਦੇ ਨਾਲ ਹੀ 42 ਫੀਸਦੀ ਪੁਰਸ਼ਾਂ ਨੇ ਕਿਹਾ ਕਿ ਉਨ੍ਹਾਂ ਨੇ ਖੇਡਾਂ ਵਿੱਚ ਹਿੱਸਾ ਲਿਆ ਹੈ, ਜਦ ਕਿ ਅਜਿਹੀਆਂ ਔਰਤਾਂ ਦੀ ਗਿਣਤੀ ਸਿਰਫ 29 ਫੀਸਦੀ ਹੈ। ਜਿਹੜੇ ਲੋਕ 15 ਤੋਂ 24 ਸਾਲ ਦੇ ਹਨ, ਉਹ ਜ਼ਿਆਦਾਤਰ ਖੇਡਦੇ ਹਨ। ਸਰਵੇ ਵਿੱਚ ਪਤਾ ਲੱਗਾ ਹੈ ਕਿ ਜਿਹੜੇ ਕੁਆਰੇ ਹਨ, ਉਨ੍ਹਾਂ ਦੇ ਖੇਡਾਂ ਵਿੱਚ ਹਿੱਸਾ ਲੈਣ ਦੀ ਵੱਧ ਸੰਭਾਵਨਾ ਹੁੰਦੀ ਹੈ। ਕੁਆਰਿਆਂ ਵਿੱਚੋਂ 54 ਫੀਸਦੀ ਖੇਡਾਂ ਵਿੱਚ ਹਿੱਸਾ ਲੈਂਦੇ ਹਨ, ਪਰ ਵਿਆਹੇ ਜਾਂ ਤਲਾਕਸ਼ੁਦਾ ਲੋਕਾਂ ਦੀ ਗਿਣਤੀ ਤੀਹ ਫੀਸਦੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 41 ਫੀਸਦੀ ਦਾ ਮੰਨਣਾ ਹੈ ਕਿ ਮਹਿਲਾ ਖਿਡਾਰੀ ਵੀ ਪੁਰਸ਼ ਖਿਡਾਰੀਆਂ ਦੇ ਬਰਾਬਰ ਹੀ ਬਿਹਤਰ ਹਨ। ਹਾਲਾਂਕਿ ਸਰਵੇ ਵਿੱਚ ਹਿੱਸਾ ਲੈਣ ਵਾਲੇ ਤੀਜੇ ਭਾਰਤੀ ਨੂੰ ਲੱਗਦਾ ਹੈ ਕਿ ਮਹਿਲਾ ਖਿਡਾਰੀ ਪੁਰਸ਼ ਖਿਡਾਰੀਆਂ ਦੀ ਤੁਲਨਾ ਵਿੱਚ ਚੰਗੀਆਂ ਨਹੀਂ ਹੁੰਦੀਆਂ।

# ਡੀ ਸੀ ਵੱਲੋਂ ਹਦਾਇਤ: ਵਿਦੇਸ਼ ਤੋਂ ਪਰਤਿਆਂ ਦੇ ਨਾਲ ਆਮ ਲੋਕ ਵੀ ਰਿਸ਼ਤੇਦਾਰੀਆਂ ਵਿੱਚ ਜਾਣ ਤੋਂ ਵੀ ਪ੍ਰਹੇਜ਼ ਕਰਨ

ਨਵਾਂ ਸ਼ਹਿਰ, 24 ਮਾਰਚ (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਵਿਨੈ ਬੁਬਲਾਨੀ ਨੇ ਜ਼ਿਲ੍ਹੇ ਦੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਰਿਸ਼ਤੇਦਾਰੀਆਂ 'ਚ ਜਾਣ ਤੋਂ ਪ੍ਰਹੇਜ਼ ਕਰਨ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਜਨਤਕ ਸਾਂਝ ਦੀ ਕੜੀ ਤੋੜਨ ਵਾਸਤੇ ਵੱਧ ਤੋਂ ਵੱਧ ਘਰ ਰਹਿਣ ਨੂੰ ਪਹਿਲ ਦਿੱਤੀ ਜਾਵੇ।

ਇਸ ਬਾਰੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਸ ਤਰ੍ਹਾਂ ਕੱਲ੍ਹ ਸਮੁੱਚੇ ਜ਼ਿਲ੍ਹੇ ਵਿੱਚ ਲੋਕਾਂ ਨੇ ਜਨਤਕ ਕਰਫ਼ਿਊ ਦੌਰਾਨ ਸੂਝ ਦਾ ਪ੍ਰਗਟਾਵਾ ਕੀਤਾ ਹੈ, ਉਸ ਤੋਂ ਲੋਕਾਂ ਵੱਲੋਂ ਇਸ ਬਿਮਾਰੀ ਦਾ ਟਾਕਰਾ ਕਰਨ ਲਈ ਪ੍ਰਸ਼ਾਸਨ ਅਤੇ ਸਰਕਾਰ ਨਾਲ ਇੱਕਮੁਠਤਾ ਝਲਕਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਤਿੰਨ ਪਿੰਡਾਂ ਪਠਲਾਵਾ, ਸੁੱਜੋਂ ਅਤੇ ਝਿੰਕਾ ਵਿੱਚੋਂ ਕੋਵਿਡ-19 (ਕੋਰੋਨਾ ਵਾਇਰਸ) ਦੇ ਕੇਸ ਮਿਲਣ ਪਿੱਛੋਂ ਜ਼ਿਲ੍ਹੇ ਦੇ ਲੋਕਾਂ ਨੂੰ ਹੋਰ ਸਾਵਧਾਨੀ ਵਰਤਣੀ ਜ਼ਰੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜਿੱਥੇ ਜ਼ਿਲ੍ਹੇ ਦੇ ਲੋਕ ਇਨ੍ਹਾਂ ਤਿੰਨਾਂ ਪਿੰਡਾਂ 'ਚ ਬਿਲਕੁਲ ਨਾ ਜਾਣ, ਉਥੇ ਇਨ੍ਹਾਂ ਤਿੰਨਾਂ ਪਿੰਡਾਂ ਦੇ ਲੋਕਾਂ ਨੂੰ ਕੋਈ ਦੂਸਰੇ ਪਿੰਡ ਜਾਂ ਸ਼ਹਿਰ ਦਾ ਵਿਅਕਤੀ ਆਪਣੇ ਘਰ ਵੀ ਨਾ ਰੱਖਣ। ਉਨ੍ਹਾਂ ਕਿਹਾ ਕਿ ਇਹ ਬਿਮਾਰੀ ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ 'ਚ ਜਾਣ ਤੋਂ ਰੋਕਣ ਲਈ ਚੌਕਸੀ ਵਰਤਣਾ ਲਾਜ਼ਮੀ ਹੈ। ਬੁਬਲਾਨੀ ਨੇ ਕਿਹਾ ਕਿ ਜ਼ਿਲ੍ਹੇ ਦੇ ਲੋਕ ਜੇ ਇਨ੍ਹਾਂ ਪਿੰਡਾਂ 'ਚੋਂ ਕੋਈ ਵਿਅਕਤੀ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਸੰਪਰਕ 'ਚ ਆਇਆ ਸੀ ਤਾਂ ਆਪਣੇ ਆਪ ਨੂੰ ਆਪਣੇ ਘਰ ਅੰਦਰ ਹੀ ਨਜ਼ਰਬੰਦ ਕਰ ਲੈਣ ਅਤੇ ਦੇਖਣ ਕਿ 14 ਦਿਨਾਂ 'ਚ ਉਨ੍ਹਾਂ 'ਚ ਕੋਈ ਲੱਛਣ, ਜਿਸ ਵਿੱਚ ਬੁਖ਼ਾਰ, ਸੁੱਕੀ ਖੰਘ ਜਾਂ ਸਾਹ ਲੈਣ 'ਚ ਤਕਲੀਫ਼ ਆਦਿ ਤਾਂ ਨਹੀਂ ਆਉਂਦੇ। ਜੇ ਅਜਿਹਾ ਕੋਈ ਲੱਛਣ ਆਵੇ ਤਾਂ ਤੁਰੰਤ ਨੇੜਲੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਕੇ ਆਪਣੇ ਬਾਰੇ ਦੱਸਣ। ਡਿਪਟੀ ਕਮਿਸ਼ਨਰ ਨੇ ਐਨ ਆਰ ਆਈ ਦੀ ਬਹੁਤਾਤ ਵਾਲਾ ਜ਼ਿਲ੍ਹਾ ਹੋਣ ਕਾਰਨ ਵਿਦੇਸ਼ ਤੋਂ ਜ਼ਿਲ੍ਹੇ 'ਚ ਆਏ ਹੋਏ ਲੋਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦਾ ਵਿਸ਼ੇਸ਼ ਤੌਰ 'ਤੇ ਸਾਥ ਦੇਣ ਲਈ ਆਪਣੇ ਆਪ ਨੂੰ ਘਰ 'ਚ 14 ਦਿਨਾਂ ਲਈ ਨਜ਼ਰਬੰਦ ਨੂੰ ਇਸ ਮੁਸ਼ਕਲ ਦੀ ਘੜੀ 'ਚ ਆਪਣੀ ਜ਼ਿੰਮੇਵਾਰੀ ਨਿਭਾਉਣ 'ਤੇ ਜ਼ੋਰ ਦੇ ਕੇ ਆਪੋ-ਆਪਣੇ ਪਿੰਡ ਘਰਾਂ 'ਚ ਰਹਿਣਾ ਯਕੀਨੀ ਬਣਾਉਣ ਲਈ ਵੀ ਕਿਹਾ ਹੈ।

# ਪਟਿਆਲਾ ਜੇਲ੍ਹ ਦੇ ਤਤਕਾਲੀ ਸੁਪਰਡੈਂਟ, ਡਿਪਟੀ ਸੁਪਰਡੈਂਟ ਸਣੇ ਛੇ ਜਣਿਆਂ ਉੱਤੇ ਚਾਰਜਸ਼ੀਟ

ਐਸ ਏ ਐਸ ਨਗਰ, 24 ਮਾਰਚ (ਪੋਸਟ ਬਿਊਰੋ)- ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ (ਓਕੂ) ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਪਟਿਆਲਾ ਜੇਲ੍ਹ 'ਚ ਹਵਾਲਾਤੀ/ਕੈਦੀ ਨਾਲ ਬਦਫੈਲੀ ਕਰਨ ਅਤੇ ਉਨ੍ਹਾਂ ਦੀ ਅਸ਼ਲੀਲ ਵੀਡੀਓ ਬਣਾ ਕੇ ਉਨ੍ਹਾਂ ਦੇ ਪਰਵਾਰਾਂ ਤੋਂ ਫਿਰੌਤੀਆਂ ਮੰਗਣ ਦੇ ਕੇਸ ਵਿੱਚ ਨਾਮਜ਼ਦ ਪਟਿਆਲਾ ਕੇਂਦਰੀ ਜੇਲ੍ਹ ਦੇ ਓਦੋਂ ਦੇ ਸੁਪਰਡੈਂਟ ਰਾਜਨ ਕਪੂਰ, ਵਿਕਾਸ ਸ਼ਰਮਾ ਅਤੇ ਸੁਖਜਿੰਦਰ ਸਿੰਘ ਦੋਵੇਂ ਸਹਾਇਕ ਸੁਪਰਡੈਂਟ, ਪਰਗਨ ਸਿੰਘ, ਹਰਜੀਤ ਸਿੰਘ ਦੋਵੇਂ ਹੈਡ ਵਾਰਡਨ ਕੇਂਦਰੀ ਜੇਲ੍ਹ ਪਟਿਆਲਾ ਅਤੇ ਨਰਿੰਦਰ ਗੋਇਲ ਉਰਫ਼ ਲਾਲਾ ਵਾਸੀ ਸੈਕਟਰ-20 ਡੀ ਚੰਡੀਗੜ੍ਹ ਦੇ ਖ਼ਿਲਾਫ਼ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਇਸ ਮਾਮਲੇ 'ਚ ਨਾਮਜ਼ਦ ਗੈਂਗਸਟਰ ਗੌਰਵ ਸ਼ਰਮਾ ਉਰਫ਼ ਗੋਰੂ ਬੱਚਾ ਵਾਸੀ ਲੁਧਿਆਣਾ, ਅਮਿਤ ਮਲਿਕ ਉਰਫ਼ ਭੂਰਾ ਵਾਸੀ ਕੇਂਦਰੀ ਜੇਲ੍ਹ ਪਟਿਆਲਾ, ਲਵਪ੍ਰੀਤ ਸਿੰਘ ਉਰਫ਼ ਲੱਲੂ ਵਾਸੀ ਨਾਭਾ, ਗੁਰਜੰਟ ਸਿੰਘ ਉਰਫ਼ ਭੋਲੂ ਵਾਸੀ ਪਿੰਡ ਹਵੇਲੀਆਂ (ਤਰਨ ਤਾਰਨ) ਅਤੇ ਅਮਨਜੀਤ ਸਿੰਘ ਉਰਫ਼ ਬੀਰੂ ਵਾਸੀ ਬਾਠਾ ਵਾਲਾ (ਹੁਸ਼ਿਆਰਪੁਰ) ਖ਼ਿਲਾਫ਼ ਪਹਿਲਾਂ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ। ਅਦਾਲਤ ਵੱਲੋਂ ਇਨ੍ਹਾਂ ਗੈਂਗਸਟਰ ਖ਼ਿਲਾਫ਼ ਦੋਸ਼ ਵੀ ਤੈਅ ਕਰ ਦਿੱਤੇ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਨਾਭਾ ਜੇਲ੍ਹ ਬ੍ਰੇਕ ਤੋਂ ਬਾਅਦ ਜਦੋਂ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਸੀ ਤਾਂ ਸਾਹਮਣੇ ਆਇਆ ਕਿ ਜੇਲ੍ਹ 'ਚ ਹਵਾਲਾਤੀ ਅਤੇ ਕੈਦੀਆਂ ਨਾਲ ਗੈਂਗਸਟਰ ਗੌਰਵ ਸ਼ਰਮਾ ਉਰਫ਼ ਗੋਰੂ ਉਰਫ਼ ਬੱਚਾ ਆਪਣੇ ਕੁਝ ਸਾਥੀਆਂ ਅਤੇ ਜੇਲ੍ਹ ਦੇ ਕੁਝ ਪੁਲਸ ਅਫ਼ਸਰਾਂ/ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਬਦਫੈਲੀ ਕਰਦਾ ਸੀ ਅਤੇ ਇਸ ਦੀ ਵੀਡੀਓ ਬਣਾ ਕੇ ਉਨ੍ਹਾਂ ਦੇ ਪਰਵਾਰਾਂ ਨੂੰ ਬਲੈਕਮੇਲ ਕਰਕੇ ਲੱਖਾਂ ਰੁਪਏ ਫਿਰੌਤੀਆਂ ਵਸੂਲਦਾ ਸੀ। ਆਈ ਜੀ ਕੁੰਵਰ ਵਿਜੇ ਪ੍ਰਤਾਪ ਨੇ ਇਸ ਮਾਮਲੇ ਦੀ ਜਾਂਚ ਆਰੰਭੀ ਅਤੇ ਪੁਲਸ ਵੱਲੋਂ ਜੇਲ੍ਹ ਵਿਭਾਗ ਦੇ ਕੁਝ ਪੁਲਸ ਕਰਮਚਾਰੀਆਂ ਨੂੰ ਸਸਪੈਂਡ ਵੀ ਕੀਤਾ ਗਿਆ। ਓਕੂ ਵੱਲੋਂ ਇਸ ਮਾਮਲੇ 'ਚ ਮੁਲਜ਼ਮਾਂ ਖ਼ਿਲਾਫ਼ ਧਾਰਾ-377, 388, 389, 109, 115, 116, 120 ਬੀ ਤਹਿਤ ਥਾਣਾ ਐਸ ਐਸ ਓ ਸੀ ਫੇਜ਼-1 (ਮੁਹਾਲੀ) ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖ਼ਾਹ
Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਚਰਚੇ ਕ੍ਰਿਤੀ ਖਰਬੰਦਾ ਦੇ ਵਿਆਹ ਦੇ



ਕ੍ਰਿਤੀ ਖਰਬੰਦਾ ਅਤੇ ਪੁਲਕਿਤ ਸਮਰਾਟ ਦੱਸ ਚੁੱਕੇ ਹਨ ਕਿ ਦੋਵੇਂ ਇੱਕ ਦੂਜੇ ਦੇ ਪਿਆਰ ਵਿੱਚ ਡੁੱਬ ਚੁੱਕੇ ਹਨ ਤੇ ਲੱਗਦਾ ਹੈ ਕਿ ਗੱਲ ਇਨ੍ਹਾਂ ਦੇ ਵਿਆਹ ਤੱਕ ਪਹੁੰਚ ਚੁੱਕੀ ਹੈ। ਸੂਤਰਾਂ ਮੁਤਾਬਕ ਦੋਵੇਂ ਜਲਦੀ ਹੀ ਵਿਆਹ ਦੇ ਬੰਧਨ ਵਿੱਚ ਬੱਝਣ ਵਾਲੇ ਹਨ। ਇੱਕ ਰਿਪੋਰਟ ਅਨੁਸ-ਾਰ ਕ੍ਰਿਤੀ ਜਲਦੀ ਹੀ ਪੁਲਕਿਤ ਦੇ ਪਰਵਾਰ ਨੂੰ ਮਿਲਣ ਵਾਲੀ ਹੈ। ਪੁਲਕਿਤ ਦੇ ਰਿਸ਼ਤੇ ਦੇ ਭਰਾ ਉਲਾਸ ਸਮਰਾਟ ਦਾ ਵਿਆਹ ਹੈ, ਜਿਸ ਵਿੱਚ ਕ੍ਰਿਤੀ ਨੂੰ ਵੀ ਸੱਦਾ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਵਿਆਹ ਸਮਾਰੋਹ ਵਿੱਚ ਕ੍ਰਿਤੀ ਵਿਸ਼ੇਸ਼ ਤੌਰ ਉੱਤੇ ਸ਼ਾਮਲ ਹੋਵੇਗੀ। ਉਲਾਸ ਦਾ ਵਿਆਹ ਦਿੱਲੀ ਵਿੱਚ ਹੈ, ਕ੍ਰਿਤੀ ਉਥੇ ਆਪਣੇ ਬੁਆਏ ਫਰੈਂਡ ਪੁਲਕਿਤ ਨਾਲ ਜਾਵੇਗੀ। ਪਿੱਛੇ ਜਿਹੇ ਉਲਾਸ ਨੇ ਗੋਆ ਵਿੱਚ ਆਪਣੀ ਬੈਚੁਲਰ ਪਾਰਟੀ ਦਿੱਤੀ ਸੀ ਜਿਸ ਵਿੱਚ ਕ੍ਰਿਤੀ ਵੀ ਪਹੁੰਚੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕ੍ਰਿਤੀ ਬਾਰੇ ਜਾਣ ਕੇ ਪੁਲਕਿਤ ਦੇ ਪਰਵਾਰ ਵਾਲੇ ਵੀ ਖੁਸ਼ ਹਨ। ਹੋ ਸਕਦਾ ਹੈ ਕਿ ਦੋਵਾਂ ਦੇ ਵਿਆਹ ਵਿੱਚ ਬੱਝਣ ਦੀ ਗੱਲ ਨੂੰ ਉਲਾਸ ਦੇ ਵਿਆਹ ਵਿੱਚ ਹਰੀ ਝੰਡੀ ਮਿਲ ਜਾਏ।

ਵਰਨਣ ਯੋਗ ਹੈ ਕਿ ਪੁਲਕਿਤ ਅਤੇ ਕ੍ਰਿਤੀ ਦੀ ਮੁਲਾਕਾਤ ਫਿਲਮ 'ਪਾਗਲਪੰਤੀ' ਦੇ ਸੈੱਟ 'ਤੇ ਹੋਈ ਸੀ ਅਤੇ ਦੋਵਾਂ ਦੀ ਗੂੜ੍ਹੀ ਦੋਸਤੀ ਹੋ ਗਈ ਸੀ, ਜਿਸ ਨੂੰ ਪਿਆਰ ਵਿੱਚ ਬਦਲਣ ਵਿੱਚ ਖਾਸ ਸਮਾਂ ਨਹੀਂ ਲੱਗਾ। ਕੁਝ ਸਮਾਂ ਪਹਿਲਾਂ ਕ੍ਰਿਤੀ ਨੇ ਪੁਲਕਿਤ ਨਾਲ ਆਪਣੇ ਪਿਆਰ ਬਾਰੇ ਕਿਹਾ ਸੀ, "ਫਿਲਮ 'ਵੀਰੇ ਦੀ ਵੈਡਿੰਗ' ਦੌਰਾਨ ਅਸੀਂ ਬਿਲਕੁਲ ਦੋਸਤ ਨਹੀਂ ਸੀ, ਫਿਰ ਵੀ ਸਾਨੂੰ ਇੱਕ ਦੂਜੇ ਨਾਲ ਕੰਮ ਕਰਨ 'ਚ ਮਜ਼ਾ ਆਇਆ, ਕਿਉਂਕਿ ਅਸੀਂ ਕੰਮ ਵਿੱਚ ਕਾਫੀ ਇੱਕੋ ਜਿਹੇ ਹਾਂ। ਫਿਰ 'ਪਾਗਲਪੰਤੀ' ਵਿੱਚ ਉਸ ਨਾਲ ਜਦੋਂ ਮੈਂ ਸ਼ੂਟਿੰਗ ਸ਼ੁਰੂ ਕੀਤੀ ਤਾਂ ਲੱਗਾ ਕਿ ਮੈਂ ਵੱਧ ਖੁਸ਼ ਤੇ ਸੰਤੁਸ਼ਟ ਇਨਸਾਨ ਹਾਂ। ਪਹਿਲਾਂ ਉਹ ਕਾਫੀ ਸੀਰੀਅਸ ਹੁੰਦਾ ਸੀ, ਮੇਰੇ ਚੱਕਰ ਵਿੱਚ ਜ਼ਿਆਦਾ ਹੱਸਣ ਲੱਗਾ ਹੈ, ਜੋ ਚੰਗੀ ਗੱਲ ਹੈ। ਅਸੀਂ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਮੇਰੀਆਂ ਅੱਧੀਆਂ ਤੋਂ ਵੱਧ ਗੱਲਾਂ ਸਿਰਫ ਉਸ ਨੂੰ ਸਮਝ ਆਉਂਦੀਆਂ ਹਨ।"

# ਲੜਨ ਦਾ ਬਹੁਤ ਸ਼ੌਕ ਹੈ, ਸੋਚਿਆ ਰੀਅਲ ਲਾਈਫ ਵਿੱਚ ਐਕਸ਼ਨ ਕਰ ਲਵਾਂ : ਮਿਹਰ ਵਿਜ



'ਸੀਕ੍ਰੇਟ ਸੁਪਰਸਟਾਰ', 'ਬਜਰੰਗੀ ਭਾਈਜਾਨ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆ ਚੁੱਕੀ ਅਭਿਨੇਤਰੀ ਮਿਹਰ ਵਿਜ ਹੁਣ ਡੀ-ਗਲੈਮ ਰੋਲ ਤੋਂ ਹਟ ਕੇ ਐਕਸ਼ਨ ਅਵਤਾਰ ਵਿੱਚ ਨਜ਼ਰ ਆ ਰਹੀ ਹੈ। ਇੱਕ ਮੁਲਾਕਾਤ ਵਿੱਚ ਉਸ ਨੇ ਆਪਣੇ ਨਵੇਂ ਅਵਤਾਰ ਬਾਰੇ ਗੱਲਬਾਤ ਕੀਤੀ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਸੀਕ੍ਰੇਟ ਏਜੰਟ ਦਾ ਇਹ ਰੋਲ ਤੁਹਾਨੂੰ ਕਿਵੇਂ ਮਿਲਿਆ?

-ਮੈਂ ਹਮੇਸ਼ਾ ਤੋਂ ਨੀਰਜ ਸਰ ਦੇ ਨਾਲ ਕੰਮ ਕਰਨਾ ਚਾਹੁੰਦੀ ਸੀ। ਉਹ ਮੈਨੂੰ ਕਾਸਟ ਕਰਨ ਦੇ ਬਾਰੇ ਸੋਚ ਰਹੇ ਹਨ ਇਸ ਦਾ ਮੈਨੂੰ ਅਹਿਸਾਸ ਹੀ ਨਹੀਂ ਸੀ। ਇਸ ਲਈ ਜਦ ਪਤਾ ਲੱਗਾ ਤਾਂ ਮੈਂ ਤਾਂ ਉਡਣ ਹੀ ਲੱਗ ਪਈ। ਸਿੰਪਲੀ ਮੇਰੇ ਕੋਲ ਉਨ੍ਹਾਂ ਦਾ ਫੋਨ ਆਇਆ ਅਤੇ ਮੇਰੀ ਕਾਸਟਿੰਗ ਹੋ ਗਈ। ਤਿੰਨ-ਚਾਰ ਮੇਰੇ ਪਸੰਦੀਦਾ ਡਾਇਰੈਕਟਰ ਹਨ। ਇਨ੍ਹਾਂ ਵਿੱਚ ਨੀਰਜ ਸਰ, ਸ੍ਰੀ ਰਾਮ ਰਾਘਵਨ, ਸੁਜੀਤ ਸਰਕਾਰ ਵਰਗੇ ਦਿੱਗਜ ਹਨ। ਨੀਰਜ ਸਰ ਨੇ ਕਿਹਾ ਪਹਿਲੇ ਦਿਨ ਤੋਂ ਅਸੀਂ ਇਸ ਦੇ ਲਈ ਤੁਹਾਨੂੰ ਕਾਸਟ ਕਰਨਾ ਚਾਹੁੰਦੇ ਸੀ। ਤਦ ਮੈਂ ਸੋਚਿਆ ਐਕਸ਼ਨ ਤਾਂ ਮੈਂ ਬਚਪਨ ਤੋਂ ਕਰਨਾ ਚਾਹੁੰਦੀ ਸੀ। ਮੈਨੂੰ ਲੋਕਾਂ ਨੂੰ ਮਾਰਨ-ਕੁੱਟਣ ਦਾ ਬੜਾ ਸ਼ੌਕ ਹੈ। ਅਸਲ ਵਿੱਚ ਕਿਸੇ ਨੂੰ ਕੁੱਟ ਨਹੀਂ ਸਕਦੀ ਤਾਂ ਸੋਚਿਆ ਆਨਸਕਰੀਨ ਹੀ ਥੋੜ੍ਹਾ ਐਕਸ਼ਨ ਕਰ ਲਵਾਂ।

* ਤੁਹਾਡਾ ਇਸ ਸੀਰੀਜ਼ ਵਿੱਚ ਕੀ ਕਿਰਦਾਰ ਹੈ?

- ਮੈਂ ਸੀਕ੍ਰੇਟ ਏਜੰਟ ਦਾ ਰੋਲ ਨਿਭਾ ਰਹੀ ਹਾਂ। ਇੱਕ ਸੀਕਵੈਂਸ ਹੈ ਜਿੱਥੇ ਖੂਬ ਐਕਸ਼ਨ ਕਰ ਰਹੀ ਹਾਂ। ਮੇਰਾ ਕਿਰਦਾਰ ਉਂਝ ਇੱਕ ਸਿੰਪਲ ਲੜਕੀ ਦਾ ਹੈ, ਜੋ ਨੌਕਰੀ ਲਈ ਆਉਂਦੀ ਹੈ। ਫਿਰ ਜਦ ਦੇਸ਼ ਨੂੰ ਬਚਾਉਣ ਦੀ ਗੱਲ ਆਉਂਦੀ ਹੈ ਤਾਂ ਪਤਾ ਨਹੀਂ ਕਿੱਥੋਂ ਉਸ ਵਿੱਚ ਪਾਵਰ ਆ ਜਾਂਦੀ ਹੈ। ਉਹ ਆਪਣੇ ਫਰਜ਼ ਦੇ ਲਈ ਪਾਗਲ ਹੋ ਜਾਂਦੀ ਹੈ।

* ਇਹ ਸੀਰੀਜ਼ ਤਾਂ ਪਾਰਲੀਮੈਂਟ ਅਟੈਕ 'ਤੇ ਹੈ। ਕੀ ਇਸ ਨੂੰ ਕਰਨ ਤੋਂ ਪਹਿਲਾਂ ਦਿਮਾਗ ਵਿੱਚ ਕੋਈ ਗੱਲ ਆਈ?

- ਮੈਂ ਦਿੱਲੀ ਤੋਂ ਹਾਂ। ਜਦ 84 ਦੇ ਦੰਗੇ ਹੋਏ ਸਨ ਤਾਂ ਬਹੁਤ ਡਰ ਲੱਗਦਾ ਸੀ। ਅਸੀਂ ਬਹੁਤ ਛੋਟੇ ਸੀ, ਅਸੀਂ ਬਹੁਤ ਡਰੇ ਸਹਿੰਦੇ ਸੀ। ਅੱਜ ਵੀ ਚੰਗੀ ਤਰ੍ਹਾਂ ਉਹ ਪਲ ਯਾਦ ਹਨ। ਕੋਈ ਵੀ ਘਰੋਂ ਬਾਹਰ ਨਹੀਂ ਨਿਕਲਦਾ ਸੀ।

* ਰੀਅਲ ਲਾਈਫ ਵਿੱਚ ਕਦੇ ਕੋਈ ਮੌਕਾ ਮਿਲੇ ਤਾਂ ਲੋਕਾਂ ਨੂੰ ਬਚਾਉਣ ਦੇ ਲਈ ਕੀ ਕਰਨਾ ਚਾਹੋਗੇ?

- ਲੋਕਾਂ ਨੂੰ ਬਚਾਉਣ ਦਾ ਕੰਮ ਅੱਗੇ ਵਧ ਕੇ ਕਰਨਾ ਚਾਹਾਂਗੀ। ਇਸ ਬਾਰੇ ਮੈਂ ਬਹੁਤ ਵਾਰੀ ਸੋਚਿਆ ਹੈ। ਉਦਾਹਰਣ ਦੇ ਤੌਰ 'ਤੇ ਭਗਵਾਨ ਨਾ ਕਰੇ ਮੈਂ ਕਦੇ ਫਲਾਈਟ ਵਿੱਚ ਇਕੱਲੀ ਜਾ ਰਹੀ ਹਾਂ ਅਤੇ ਮੈਨੂੰ ਪਤਾ ਹੈ ਕਿ ਫਲਾਈਟ ਕ੍ਰੈਸ਼ ਹੋਣ ਵਾਲੀ ਹੈ ਜਾਂ ਹਾਈਜੈਕ ਹੋ ਗਈ ਤਾਂ ਮੈਂ ਮੇਕ ਸ਼ਿਓਰ ਕਰਾਂਗੀ ਕਿ ਉਸ ਹਾਲਾਤ ਵਿੱਚ ਮੈਂ ਡਰਾਂਗੀ ਨਹੀਂ ਸਗੋਂ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੀ। ਹਾਲਾਂਕਿ ਇਹ ਮੁਸ਼ਕਲ ਕੰਮ ਹੈ।

* ਆਪਣੇ ਕਰੀਅਰ ਵਿੱਚ ਕੀ ਚੇਂਜ ਪਾ ਰਹੇ ਹੋ ਅਤੇ ਕਿੰਨਾ ਇੰਜੁਆਏ ਕਰ ਰਹੇ ਹੋ?

- ਕਦੇ ਸੋਚਿਆ ਨਹੀਂ ਕਿ ਟੀ ਵੀ ਹੈ, ਫਿਲਮ ਹੈ ਜਾਂ ਵੈੱਬ ਸੀਰੀਜ਼ ਹੈ। ਆਖਰਕਾਰ ਸਾਡੇ ਲਈ ਤਾਂ ਹਰ ਕੰਮ ਦੇ ਲਈ ਪਲੇਟਫਾਰਮ ਹੈ। ਅਸੀਂ ਕਰੈਕਟਰ ਬਣਾਉਣਾ ਹੈ, ਕ੍ਰਿਏਟ ਕਰਨਾ ਹੈ। ਅਸੀਂ ਉਨ੍ਹਾਂ ਲੋਕਾਂ ਦੇ ਨਾਲ ਕੰਮ ਕਰ ਰਹੇ ਹਾਂ, ਜੋ ਆਪਣੇ ਕੰਮ ਵਿੱਚ ਬਹੁਤ ਗੰਭੀਰ ਹਨ।

* ਕੋਈ ਅਜਿਹਾ ਡਰ, ਜੋ ਤੁਸੀਂ ਲੰਬੇ ਸਮੇਂ ਤੋਂ ਦੂਰ ਕਰਨ ਦੀ ਕੋਸ਼ਿਸ਼ ਵਿੱਚ ਹੋ?

- ਦੇਖੋ, ਕੋਈ ਵਿਸ਼ੇਸ਼ ਡਰ ਨਹੀਂ ਹੁੰਦਾ। ਜਦ ਡਰ ਹੁੰਦਾ ਹੈ ਤਾਂ ਹਰ ਜਗ੍ਹਾ ਹੁੰਦਾ ਹੈ। ਕਈ ਵਾਰ ਮੈਂ ਘਰ ਵਿੱਚ ਇਕੱਲੀ ਹੁੰਦੀ ਹਾਂ ਤਾਂ ਲੱਗਦਾ ਹੈ ਕਿ ਕਿਤੇ ਮੈਂ ਮਰ ਨਾ ਜਾਵਾਂ। ਅਜਿਹੇ ਹੋਰ ਵੀ ਕਈ ਬੁਰੇ ਖਿਆਲ ਆਉਣ ਲੱਗਦੇ ਹਨ। ਇਨ੍ਹਾਂ ਨੂੰ ਹੀ ਦੂਰ ਕਰਨ ਦੀ ਕੋਸ਼ਿਸ਼ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative




Tel: 905.793.5777 416.802.5866

31 Melanie Dr. Unit #4 Brampton, ON L6T 5H8





2645 KIPLING AVE

ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋਂ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ

FOR ALL KINDS OF ELECTRICAL WORK




- Industrial Lighting / Automation
- Residential/ Commercial/ Industrial
- Basement / Custom Homes Wiring
- Service Panel Upgrading
- Fire Alarm / Security System
- Drive way Lights
- CCTV Camera
- UPS & Battery Banks



INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਓ

Contact: Nirmal Johal
Certified Technician
647-716-2677

